
ੴ ਵਾਹਿਗੁਰੂ ਜੀ ਕੀ ਫ਼ਤਹ

ਮਾਸਿਕ ਪੱਤਰ

# ਸੂਰਾ

Sura Monthly Ludhiana

ਜੂਨ 2001



JUNE 2001

## (ਸ੍ਰੀ ਦਰਬਾਰ ਸਾਹਿਬ ਪਾਉਂਟਾ ਸਾਹਿਬ)

ਜਮਨਾ ਕੰਢੇ ਸ਼ੁਸੋਭਿਤ ਦਸਮ ਪਾਤਸ਼ਾਹ ਦੇ ਜੀਵਨ ਕਾਲ ਨਾਲ ਸਬੰਧਤ ਮਹੱਤਵਪੂਰਣ ਇਤਿਹਾਸਿਕ ਰਮਣੀਕ ਅਸਥਾਨ। ਇਸ ਅਸਥਾਨ ਤੇ ਸਮੂਹ ਅਖੰਡ ਕੀਰਤਨੀ ਜੱਥਿਆਂ ਵੱਲੋਂ 22 ਤੋਂ 25 ਜੂਨ ਤੱਕ ਸਾਲਾਨਾ ਕੇਂਦਰੀ ਅਖੰਡ ਕੀਰਤਨ ਸਮਾਗਮ ਹੋ ਰਹੇ ਹਨ। ਵੇਰਵਾ ਪਿਛਲੇ ਪਾਸੇ ਦੇਖੋ ਜੀ।

www.AKJ.Org

ਸੂਰਾ ਵਾਸਤੇ ਚੰਦੇ ਤੇ ਹੋਰ ਰਕਮਾਂ ਹੇਠ ਲਿਖੀਆਂ ਥਾਵਾਂ ਤੇ ਜਮ੍ਹਾਂ ਕਰਵਾ ਕੇ ਰਸੀਦ ਲਓ ਜੀ।

| | | |
|---|---|---|
| 1.ਲੁਧਿਆਣਾ: | (ੳ) | ਮੁੱਖ ਦਫ਼ਤਰ ਸੂਰਾ, ਕੋਠੀ ਨੰ: 12. ਬਲਾਕ ਆਈ, ਭਾਈ ਰਣਧੀਰ ਸਿੰਘ ਨਗਰ। |
| | (ਅ) | ਸਬ-ਆਫਿਸ ਸੂਰਾ ਗੁ: ਸ੍ਰੀ ਗੁਰੂ ਸਿੰਘ ਸਭਾ, ਮਾਡਲ ਟਾਊਨ, ਲੁਧਿਆਣਾ। ਫੋਨ 428194 |
| | (ੲ) | ਭਾਈ ਭੁਪਿੰਦਰ ਪਾਲ ਸਿੰਘ ਜੀ, ਪ੍ਰੀਤ ਸਿਲੈਕਸ਼ਨ, ਸਾਹਪੁਰ ਰੋਡ, ਨੇੜੇ ਸੁਭਾਨੀ ਬਿਲਡਿੰਗ, ਲੁਧਿਆਣਾ, ਫੋਨ 730604 |
| | (ਸ) | ਸ: ਇਕਬਾਲ ਸਿੰਘ ਜੀ ਖਾਲਸਾ ਕਾਲਜ ਮੋਚਪੁਰਾ ਬਜ਼ਾਰ, ਲੁਧਿਆਣਾ। |
| | (ਹ) | ਸ੍ਰ. ਅਜੀਤ ਸਿੰਘ 17/5 ਪਾਵਰ ਕਲੋਨੀ ਸਰਾਭਾ ਨਗਰ ਟੈਲੀਫੋਨ 458644, 459701 |
| 2.ਫਗਵਾੜਾ: | | ਮਾਸਟਰ ਗੁਰਦਿਆਲ ਸਿੰਘ ਜੀ, ਵਿਸ਼ਵਕਰਮਾ ਕਲੋਨੀ, ਨੇੜੇ ਵਿਸ਼ਵਕਰਮਾ ਮੰਦਰ, ਬੰਗਾ ਰੋਡ, ਫਗਵਾੜਾ। ਟੈਲੀਫੋਨ 68307 |
| 3.ਚੰਡੀਗੜ੍ਹ,ਮੋਹਾਲੀ: .ਖਰੜ, ਮੋਰਿੰਡਾ: | | ਭਾਈ ਗੁਰਚਰਨ ਸਿੰਘ ਜੀ, ਮਕਾਨ ਨੰ: 236, ਵਾਰਡ ਨੰ: 1, ਚੰਡੀਗੜ੍ਹ ਰੋਡ, ਮੁੰਡੀ ਖਰੜ। ਟੈਲੀ: 01888-46036 |
| 4.ਕਪੂਰਥਲਾ: | | ਭਾਈ ਚਰਨਪਾਲ ਸਿੰਘ, ਸਿੰਘ ਆਰਟਸ, ਨੇੜੇ ਸਟੇਟ ਗੁਰਦੁਆਰਾ ਸਾਹਿਬ। |
| 5ਪਟਿਆਲਾ: | 1. | ਸੰਦੀਪ ਪਾਲ ਸਿੰਘ S/o ਸ੍ਰ. ਰਵੇਲ ਸਿੰਘ 654/3 ਖਾਲਸਾ ਮੁਹੱਲਾ ਧਰਮਪੁਰਾ ਬਜ਼ਾਰ ਪਟਿਆਲਾ ਟੈਲੀ. 228703 |
| | 2 | ਸੁਲੱਖਣ ਸਿੰਘ ਖਾਲਸਾ ਨਿਸ਼ਾਨ ਸਟੋਰ ਦੁਕਾਨ ਨੰ 14/15 ਗੁ: ਦੁਖ ਨਿਵਾਰਨ ਬਜ਼ਾਰ ਪਟਿਆਲਾ ਟੈਲੀ. 361415 |
| 6.ਅੰਮ੍ਰਿਤਸਰ: | 1. | ਭਾਈ ਸਤਨਾਮ ਸਿੰਘ ਜੀ, ਪਿੰਡ ਚਾਚੋਵਾਲੀ, ਡਾਕਖਾਨਾ ਜੈਂਤੀਪੁਰਾ। |
| | 2. | ਭਾਈ ਭੁਪਿੰਦਰ ਸਿੰਘ ਜੀ ਖਾਲਸਾ, 4969ਅਜ਼ਾਦ ਨਗਰ, ਨੇੜੇ ਟਿਊਬਵੈੱਲ, ਤਾਰਾ ਸਿੰਘ ਕੋਟ ਖਾਲਸਾ, ਅੰਮ੍ਰਿਤਸਰ। |
| 7 ਜਲੰਧਰ: | | ਸ੍ਰ. ਹਰਜੀਤ ਸਿੰਘ ਬੈਂਕ ਆਫ਼ ਇੰਡੀਆ ਸਤਲੁਜ ਮਾਰਕੀਟ ਨੇੜੇ ਬਸ ਸਟੈਂਡ ਜਲੰਧਰ ਸ਼ਹਿਰ ਫੋਨ :462065 |
| 8.ਯਮੁਨਾਨਗਰ: | | ਭਾਈ ਇਕਬਾਲ ਸਿੰਘ ਜੀ, 536-ਲੋਹਾਰਾ ਗਲੀ, ਜਗਾਧਰੀ। ਫੋਨ 47341 |
| 9.ਫਿਰੋਜ਼ਪੁਰ: | | ਭਾਈ ਬਲਵਿੰਦਰ ਸਿੰਘ, ਹਾਤਾ ਨੰ: 48, ਬਜ਼ਾਰ ਨੰ: 1, ਫਿਰੋਜ਼ਪੁਰ ਛਾਉਣੀ। |
| 10.ਪਠਾਨਕੋਟ: | | ਸ: ਹਰਭਜਨ ਸਿੰਘ M.E.S. ਪਠਾਨਕੋਟ। |
| 11 ਅੰਬਾਲਾ: | 1. | ਭਾਈ ਮਨੋਹਰ ਸਿੰਘ ਜੀ ਪਿੰਡ ਤੇ ਡਾਕਖਾਨਾ ਨਸਰਾਲੀ ਵਾਇਆ ਜਤਵਾੜ ਅੰਬਾਲਾ ਸ਼ਹਿਰ। |
| | 2 | ਭਾਈ ਭਗਵਾਨ ਸਿੰਘ ਵੈਦ 10 ਵੀਟਾ ਐਨਕਲੇਵ ਨੇੜੇ ਮਿਲਕ ਪਲਾਂਟ ਬਲਦੇਵ ਨਗਰ ਅੰਬਾਲਾ ਸ਼ਹਿਰ |
| | 3. | ਸ੍ਰ. ਮਲਕੀਅਤ ਸਿੰਘ ਮਾਰਫਤ ਸਰਦਾਰ ਕਲਾਥ ਹਾਊਸ ਪਿੰਡ ਨਨਹੇੜਾ ਡਾ: ਕੁਲਦੀਪ ਨਗਰ ਅੰਬਾਲਾ |
| 12.ਬਠਿੰਡਾ: | | ਭਾਈ ਬਘੇਲ ਸਿੰਘ (ਗੋਬਿੰਦ ਸਿੰਘ) ਜੀ 7819, ਨੇੜੇ ਡੰਗਰਾਂ ਦਾ ਹਸਪਤਾਲ । ਫੋਨ : 217743 |
| 13.ਧੂਰੀ: | | ਮਾਸਟਰ ਹਰਭਜਨ ਸਿੰਘ ਜੀ, ਜਨਤਾ ਨਗਰ, ਨੇੜੇ ਵੀਨਸ ਗੈਸ ਏਜੰਸੀ, ਧੂਰੀ। ਫੋਨ: 621253 |
| 14.ਸਰਹੰਦ: | | ਸ: ਰੁਪਿੰਦਰ ਸਿੰਘ ਜੀ, ਨੇੜੇ ਭਾਰਤ ਪੈਟਰੋਲੀਅਮ ਗੈਸ ਗੋਦਾਮ, ਸਿਨੇਮਾ ਰੋਡ, ਸਰਹੰਦ, ਜ਼ਿਲਾ ਫਤਹਿਗੜ੍ਹ ਸਾਹਿਬ, ਟੈਲੀਫੋਨ 01763-20760 |
| 15.ਪਾਉਂਟਾ ਸਾਹਿਬ: | | ਭਾਈ ਪਰਮਜੀਤ ਸਿੰਘ ਜੀ, ਗੁਰੂ ਰਾਖਾ ਇੰਟਰਪ੍ਰਾਈਜ਼ਿਜ਼, ਪਾਉਂਟਾ ਸਾਹਿਬ ਹਿਮਾਚਲ ਪ੍ਰਦੇਸ਼ Tel. Shop 01704-22367, Resi.24067 |
| 16.ਬਟਾਲਾ | 1. | ਭਾਈ ਸੁਖਰਾਜ ਸਿੰਘ ਜੀ ਸਾਹਮਣੇ ਗੁਰੂ ਨਾਨਕ ਦੇਵ ਅਕੈਡਮੀ ਜਲੰਧਰ ਰੋਡਟੈਲੀ :46566 |
| | 2 | ਸ੍ਰ. ਹਰਭਜਨ ਸਿੰਘ, ਖਾਲਸਾ ਲਾਇਬਰੇਰੀ ਬਟਾਲਾ। |
| 17.ਦਿੱਲੀ | 1. | ਗੁਰਪ੍ਰੀਤ ਸਿੰਘ 670 ਡਾਕਟਰ ਮੁਖਰਜੀ ਨਗਰ ਦਿੱਲੀ ਟੈਲੀ: 7654833 |
| | 2 | ਸ੍ਰ. ਨਰਿੰਦਰ ਸਿੰਘ (ਗਾਮਾ) H. No.58-C IInd floor St. No. 11 New Mahavir Nagar P.O. Tilak Nagar-New Delhi 110018 PH. Resi - 5155191 Office- 590097-5449276 |
| 18.ਇੰਗਲੈਂਡ: | | ਭਾਈ ਹਰਦੀਪ ਸਿੰਘ ਜੀ, 218, Wexhan Road, Slough Berks SL2 5JP.Tel: 01753-530624 |
| 19ਅਮਰੀਕਾ: | | ਭਾਈ ਜੀਵਨ ਸਿੰਘ ਜੀ, ਗੁਰਦੀਪ ਸਿੰਘ ਜੀ ਫੋਨ : 18007226212 |
| 20 ਆਸਟ੍ਰੇਲੀਆ: | | ਭਾਈ ਪਰਸ਼ੋਤਮ ਸਿੰਘ ਜੀ, ਫੋਨ : 0061-69634841 |
| 21.ਨਿਊਜ਼ੀਲੈਂਡ: | | ਭਾਈ ਮਹਿੰਦਰ ਸਿੰਘ ਜੀ, ਫੋਨ : 092702755 |
| 22 ਕੈਨੇਡਾ : | 1. | ਭਾਈ ਅੰਮ੍ਰਿਤ ਪਾਲ ਸਿੰਘ 20 Newman court, Brampton, Ontario L6S5T1 ਟੈਲੀ :905-4538219 |
| | 2. | ਭਾਈ ਰਿਪੁਦਮਨ ਸਿੰਘ ਮਲਿਕ, ਫੋਨ : 18006630224 |

www.AKJ.Org

ਜਾ ਕਉ ਹਰਿ ਰੰਗੁ ਲਾਗੋ ਇਸੁ ਜੁਗ ਮਹਿ ਸੋ ਕਹੀਅਤ ਹੈ ਸੂਰਾ॥

# ਸੂਰਾ

ਮਾਸਿਕ ਪੱਤਰ

ਅਖੰਡ ਕੀਰਤਨੀ ਜੱਥੇ ਵਲੋਂ ਨਿਰੋਲ ਗੁਰਮਤਿ ਮਾਸਿਕ ਪੱਤਰ

*** Read SURA at Internet : www.surainternational.com ***

ਜਿਲਦ ੩੫ ਜੂਨ ੨੦੦੧ ਅੰਕ ੬

## ਗੁਰਪੁਰਬ ਤੇ ਇਤਿਹਾਸਕ ਦਿਹਾੜੇ

| | |
|---|---|
| ਸਾਕਾ ਸ੍ਰੀ ਦਰਬਾਰ ਸਾਹਿਬ | 4-6 ਜੂਨ |
| ਪਾ: ੬ ਅਵਤਾਰ ਧਾਰਿਆ | 7 ਜੂਨ |
| ਸ਼ਹੀਦੀ ਬਾਬਾ ਬੰਦਾ ਸਿੰਘ ਬਹਾਦਰ | ੭ ਜੂਨ |
| ਬਰਸੀ ਮਹਾਰਾਜਾ ਰਣਜੀਤ ਸਿੰਘ ਜੀ | ੨8 ਜੂਨ |

## ਚੰਦਿਆਂ ਦਾ ਵੇਰਵਾ

| | | |
|---|---|---|
| ਦੇਸ਼ ਸਾਲਾਨਾ | 40 ਰੁ: | |
| ਅਮਾਨਤੀ ਲਾਈਫ ਮੈਂਬਰ | 400ਰੁ: | |
| ਵਿਦੇਸ਼ | ਸਮੁੰਦਰੀ ਡਾਕ | ਹਵਾਈ ਡਾਕ |
| ਸਾਲਾਨਾ | 140ਰੁ: | 400ਰੁ: |
| ਅਮਾਨਤੀ ਲਾਈਫ ਮੈਂਬਰ | 1400ਰ: | 4000ਰੁ: |

## ਚੰਦਾ ਭੇਜਣ ਦਾ ਪਤਾ

ਸੂਰਾ ਮਾਸਿਕ ਪੱਤਰ ਗੁ: ਸਿੰਘ ਸਭਾ
ਮਾਡਲ ਟਾਊਨ, ਲੁਧਿਆਣਾ-141002
Tel : 0161-428194
Fax : 0161-536340, 532147
email - 1. suraldh @ yahoo. com
2. gurkedaas@ yahoo.com

ਸੂਰਾ ਪੱਤਰ ਵਿਚ ਛਪੇ ਵਿਚਾਰਾਂ ਨਾਲ ਸੂਰਾ ਪਰਿਵਾਰ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

ਕੰਪਿਊਟਰ ਟਾਈਪ ਸੈਟਿੰਗ : ਮਾਈਕਰੋਨਿਕਸ ਕੰਪਿਊਟਰਜ਼ (ਇੰਡੀਆ)
ਡੀ-੭3, ਬਲਾਕ-16, ਪਾਹਵਾ ਰੋਡ, ਲੁਧਿਆਣਾ 141 003

## ਤਤਕਰਾ


○ ਨਿਰੰਕਾਰੀ ਨਾਮ.......... ੨
○ ਸਾਕਾ ਨੀਲਾ ਤਾਰਾ ਭੁੱਲਣ ਯੋਗ ਨਹੀਂ .......... ੫
○ ਸਾਕਾ ਨੀਲਾ ਤਾਰਾ ਦੀਆਂ ਕੌੜੀਆਂ ਯਾਦਾਂ.......... ੮
○ ਬਾਬਾ ਬੰਦਾ ਸਿੰਘ ਬਹਾਦਰ -ਲਾਸਾਨੀ ਸ਼ਹੀਦ..........੧੨
○ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ..........੧੮
○ ਕਰਮ ਫਿਲਾਸਫੀ.......... ੨੬
○ ਗੁਰੂ ਪੰਥ ਤੋਂ ਭਟਕੇ ਪਾਂਧੀ.......... ੨੮
○ ਜੂਨ ਮਹੀਨੇ ਦੀਆਂ ਇਤਿਹਾਸਕ ਘਟਨਾਵਾਂ.......... ੩੨
○ ਭਾਈ ਬਲਬੀਰ ਸਿੰਘ ਦੇ ਭੋਗ ਸਮੇਂ ਵਾਪਰੀਆਂ ਘਟਨਾਵਾਂ....੩੪
○ ਅਖੰਡ ਕੀਰਤਨੀ ਜੱਥਾ ਬਨਾਮ ਪ੍ਰਬੰਧਕੀ ਪੰਚਾਇਣ..........੩੭
○ ਰਿਸ਼ਤੇ ਨਾਤੇ.......... ੩੯
○ ਆਉਣ ਵਾਲੇ ਕੀਰਤਨ ਸਮਾਗਮ.......... ੪੦


ਡਿਜ਼ਾਈਨ ਕਰਾਫਟ ਗਿੱਲ ਰੋਡ ਲੁਧਿਆਣਾ ਤੋਂ ਛਪਵਾ ਕੇ ਹਰਬੰਸ ਸਿੰਘ ਪ੍ਰਿੰਟਰ ਪਬਲਿਸ਼ਰ ਤੇ ਸੰਪਾਦਕ ਨੇ ਅਖੰਡ ਕੀਰਤਨੀ ਜੱਥੇ ਵਲੋਂ ੧੨-ਆਈ, ਭਾਈ ਰਣਧੀਰ ਸਿੰਘ ਨਗਰ, ਲੁਧਿਆਣਾ ਤੋਂ ਪ੍ਰਕਾਸ਼ਤ ਕੀਤਾ।



www.AKJ.Org

# ਨਿਰੰਕਾਰੀ ਨਾਮ

*(ਗੁਰਪੁਰਵਾਸੀ ਭਾ: ਸਾ: ਭਾ: ਰਣਧੀਰ ਸਿੰਘ ਜੀ)*

ਗੁਰ-ਬਖ਼ਸ਼ਿਸ਼ ਰੂਪੀ ਸਤਿਗੁਰ ਦਾ ਸਚਾ ਪ੍ਰਸਾਦ ਨਾਮ ਹੀ ਹੈ। ਜਿਸ ਨੂੰ ਇਹ ਸਤਿਗੁਰ ਦਾ ਬਖਸ਼ਿਆ ਪ੍ਰਸਾਦੁ ਮਿਲਦਾ ਹੈ, ਉਸ ਨੂੰ ਕਦੇ ਤੋਟ ਨਹੀਂ ਆਉਂਦੀ, ਸਦਾ ਹੀ ਅਤੁੱਟ ਛਾਂਦੇ ਉਹ ਭੁੰਚਦਾ ਹੈ। ਸਤਿਗੁਰ ਨਾਨਕ ਸਾਹਿਬ ਦੇ ਪ੍ਰਸਾਦਿ ਕਰ ਮਿਲਿਆ ਨਿਰੰਕਾਰ ਅਕਾਲ ਪੁਰਖ ਦਾ ਨਾਮ ਭੀ ਨਿਰੰਕਾਰੀ ਨਾਮ ਹੈ। ਇਹ ਨਿਰੰਕਾਰੀ ਨਾਮ, ਰੂਪ-ਰੇਖ ਤੋਂ ਨਿਆਰਾ, ਪਰ ਦਿਬ ਜੋਤੀਯ ਘਟਿ ਘਟਿ ਡੀਠ ਅਡੀਠ ਨਾਮ ਹੈ, ਜੋ ਅਲੱਖ ਪਦਾਰਥ ਕੇਵਲ ਨਾਮ-ਰਸੀਏ ਗੁਰਮੁਖਾਂ ਪਾਸੋਂ ਹੀ ਲਖਿਆ ਜਾ ਸਕਦਾ ਹੈ। ਜੈਸਾ ਕਿ ਇਸ ਅਗਲੇ ਗੁਰਵਾਕ ਦਾ ਭਾਵ ਹੈ–

"ਹਉ ਵਾਰੀ ਜੀਉ ਵਾਰੀ ਨਿਰੰਕਾਰੀ ਨਾਮੁ ਧਿਆਵਣਿਆ॥
ਤਿਸੁ ਰੂਪੁ ਨ ਰੇਖਿਆ ਘਟਿ ਘਟਿ ਦੇਖਿਆ, ਗੁਰਮੁਖਿ ਅਲਖੁ ਲਖਾਵਣਿਆ।
............ ਗੁਰੁ ਪਰਸਾਦੁ ਕਰੇ ਨਾਮੁ ਦੇਵੈ ਨਾਮੇ ਨਾਮਿ ਸਮਾਵਣਿਆ॥

*ਨਾਮ ਨਾਮੀ ਦੀ ਦਿਬ ਜੋਤਿ ਦੀ ਅਲੱਖ ਲਖਤਾ ਵਾਲੇ ਗੁਰਮੁਖ ਜਨਾਂ ਅਤੇ ਘਟ ਮਹਿ ਖ਼ਾਲਸ ਜੋਤਿ ਜਗਨੰਤਰੀ ਖ਼ਾਲਸਾ ਜਨਾਂ ਦਾ ਪੁੰਜ ਹੀ, ਸ੍ਰੀ ਗੁਰੂ, ਗ੍ਰੰਥ ਸਾਹਿਬ ਦੇ ਤਾਬਿਆ ਅਧਿਕਾਰੀ ਜਗਿਆਸੂ ਜਨਾਂ ਨੂੰ ਅੰਮ੍ਰਿਤ ਛਕਾ ਸਕਦਾ ਹੈ ਅਤੇ ਨਾਮ ਗੁਰਮੰਤਰ ਦ੍ਰਿੜ੍ਹਾ ਸਕਦਾ ਹੈ।*

ਅਜਿਹੇ ਇਕ ਇਕੱਲੇ ਖ਼ਾਲਸਾ ਜਨ ਨੂੰ ਨਾਮ ਗੁਰਮੰਤ੍ਰ ਦੇਣ-ਦ੍ਰਿੜ੍ਹਾਉਣ ਦਾ ਅਧਿਕਾਰ ਨਹੀਂ। ਨਾ ਹੀ ਉਸ ਇਕੱਲੇ ਨੂੰ ਅੰਮ੍ਰਿਤ ਛਕਾਉਣ ਦਾ ਅਧਿਕਾਰ ਹੈ, ਚਾਹੇ ਉਤ ਕਿਤਨਾ ਉਚਾ ਸੁੱਚਾ ਨਾਮ ਅਭਿਆਸ ਕਲਾ ਕਮਾਈ ਵਾਲਾ ਨਿਪੁੰਨ ਗੁਰਮੁਖ ਜਨ ਹੀ ਹੋਵੇ। ਭੂਤ ਭਵਿੱਖਤ ਦੇ ਦਾਨੀ (ਤ੍ਰੈਕਾਲ ਦਰਸੀ) ਸ੍ਰੀ ਗੁਰੂ ਦਸਮੇਸ਼ ਜੀ ਨੇ ਆਪਣੀ ਗੁਰਤਾ ਦੇ ਅਹਿਦ ਸਮੇਂ ਹੀ ਪੰਜਾਂ ਪਿਆਰਿਆਂ ਵਾਲਾ ਧਰੁਵਾ ਬੰਨ੍ਹ ਦਿੱਤਾ। ਇਥੋਂ ਤਾਈਂ ਕਿ ਖ਼ੁਦ ਚੋਜੀ ਪਾਤਸ਼ਾਹ ਨੇ ਪੰਜਾਂ ਪਿਆਰਿਆਂ ਤੋਂ ਅੰਮ੍ਰਿਤ ਪਾਨ ਕੀਤਾ ਅਤੇ ਨਾਮ ਦਾਨ ਲੀਤਾ, ਤਾਕਿ ਅਗੇ ਨੂੰ ਕੋਈ ਇਕੱਲਾ ਗੁਰੂ ਬਣ ਕੇ ਨਾ ਬੈਠੇ ਅਤੇ ਇਕੱਲਾ ਹੀ ਨਾਮ ਦੇਣਾ ਨਾ ਅਰੰਭ ਦੇਵੇ। ਪੰਜਾਂ ਪਿਆਰਿਆਂ ਦੇ ਪ੍ਰਗਟਾਉਣ ਵਾਲੇ ਚੋਜ ਪਸਚਾਤ ਗੁਰੂ ਦਸਮੇਸ਼ ਸਚੇ ਪਾਤਸ਼ਾਹ, ਅਗੇ ਲਈ ਹਮੇਸ਼ਾ ਆਪਣੀ ਹਜ਼ੂਰੀ ਵਿਚ (ਅਰਥਾਤ ਆਪਣੀ ਤਾਬਿਆ) ਅਧਿਕਾਰੀ ਜਨਾਂ ਨੂੰ ਪੰਜਾਂ ਪਿਆਰਿਆਂ ਤੋਂ ਹੀ ਅੰਮ੍ਰਿਤ ਛਕਾਉਂਦੇ ਰਹੇ। ਪੰਜਾਂ ਪਿਆਰਿਆਂ ਦੀ ਹਜ਼ੂਰੀ ਮਨਜ਼ੂਰੀ ਵਿਚ ਨਾਮ ਦਾਨ ਦਿੰਦੇ-ਦ੍ਰਿੜ੍ਹਾਉਂਦੇ ਰਹੇ। ਆਪਣੇ ਜੋਤੀ-ਜੋਤਿ ਸਮਾਉਣ ਸਮੇਂ ਤੋਂ ਪਹਿਲਾਂ ਗੁਰੂ ਗ੍ਰੰਥ ਸਾਹਿਬ ਜੀ ਹੀ ਸਦਾ ਲਈ ਗੁਰ-ਗੱਦੀ ਤੇ ਸਸ਼ੋਭਤ ਰਹਿਣਗੇ, ਇਸ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਤਾਬਿਆ ਹੀ ਇਸੇ ਤਰ੍ਹਾਂ ਪੰਚ ਪਰਵਾਨ ਖ਼ਾਲਸਾ ਜੀ ਅੰਮ੍ਰਿਤ ਛਕਾਇਆ ਤੇ ਨਾਮ ਦ੍ਰਿੜ੍ਹਾਇਆ ਕਰਨ, ਜੈਸਾ ਕਿ ਸਾਡੀ ਤਾਬਿਆ ਧੁਰਵਾ ਬੱਝ ਰਿਹਾ ਹੈ।

ਗੁਰੂ ਦਸਮੇਸ਼ ਜੀ ਦੇ ਖ਼ਾਲਸਾ ਸਜਾਉਣ ਦੇ ਸਮੇਂ ਤੋਂ ਪਹਿਲਾਂ ਸਭੇ ਗੁਰੂ ਪਾਤਿਸ਼ਾਹੀਆਂ ਦੀ ਹੁਕਮ ਰਜ਼ਾਈ ਟਕਸਾਲ ਦਾ ਸਿੱਕਾ ਖੰਡੇ ਦਾ ਅੰਮ੍ਰਿਤ ਛਕਾਉਣ ਦੇ ਥਾਉਂ ਚਰਨ-ਪਾਹੁਲੀ ਅੰਮ੍ਰਿਤ ਛਕਾਉਣਾ ਸੀ। ਜੋ ਗੁਰੂ ਪਾਤਸ਼ਾਹ ਤੋਂ ਬਿਨਾਂ ਕੋਈ ਨਹੀਂ ਸੀ ਛਕਾ ਸਕਦਾ। ਨਾ ਹੀ ਕੋਈ ਨਾਮ ਨਿਧਾਨ ਦ੍ਰਿੜ੍ਹਾ ਸਕਦਾ ਸੀ। ਗੁਰਮਤਿ-ਨਾਮ ਦੀ ਮਹਿਮਾ ਗੁਰੂ ਕੀ ਮਹਿਮਾ ਦ੍ਰਿੜ੍ਹਾਇ ਦ੍ਰਿੜ੍ਹਾਇ ਨਾਮ ਅਭਿਆਸ ਕਮਾਈਆਂ ਵਾਲੇ ਗੁਰਮੁਖਿ ਜਨ, ਨਾਮ ਗੁਰਮਤਿ ਗੁਰਸਿਖੀ ਦੇ ਉਮੈਦਵਾਰਾਂ ਨੂੰ ਪ੍ਰੀਤੀ-ਪ੍ਰੇਰਨਾ ਦੁਆਰਾ ਸਤਿਗੁਰ-ਸਰਣੀ ਲਿਆਉਣ ਦੀ ਅੱਥਕ ਸੇਵਾ ਵਿਚ ਜੁਟੇ ਰਹਿੰਦੇ ਸਨ। ਪਰ ਆਪ ਆਪੋਂ ਕਦੇ ਕਿਸੇ ਨੂੰ ਨਾਮ ਅਤੇ ਸਿਖੀ ਪ੍ਰਦਾਨ ਨਹੀਂ ਕਰਦੇ ਸਨ ਅਤੇ ਇਸ ਬਿਧ ਗੁਰੂ ਬਣ ਬਣ ਕਦੇ ਨਹੀਂ ਬਹਿੰਦੇ ਸਨ।

ਗੁਰੂ ਬਣ ਬਹਿਣ ਦੀ ਵਾਦੀ ਪੈਂਦੀ ਹੀ ਨਾਮ ਗੁਰ-ਮੰਤ੍ਰ ਦੇ ਦਾਤੇ ਬਣਨ ਤੋਂ ਹੈ, ਇਹ ਵਾਦੜੀਆ ਕੁਵਾਦੜੀਆਂ ਖ਼ਬਰ ਨਹੀਂ ਕਦੋਂ ਕੁ ਤੋਂ ਪਰਚਲਤ ਹੋਈਆਂ, ਪਰ ਇਸ ਵਿਚ ਸੰਦੇਹ ਨਹੀਂ ਕਿ ਹੋਈਆ



www.AKJ.Org

ਉਨ੍ਹਾਂ ਦੇ ਪੈਰਾਂ ਤੋਂ, ਜੋ ਗੂੜ੍ਹ ਗੁਰਮਤਿ ਦੇ ਤੱਤ-ਆਸ਼ੇ ਤੋਂ ਅਗਿਆਨੀ ਸਨ ਅਤੇ ਜਿਨ੍ਹਾਂ ਨੂੰ ਗੁਰੂ ਬਣ ਬਹਿਣ ਦਾ ਕੁਚਸਕਾ ਪਿਆ ਹੋਇਆ ਸੀ। ਇਹ ਖ਼ਬਰੇ ਕਿਵੇਂ ਪੈ ਗਿਆ ਸੀ ?

ਭਾਈ ਗੁਰਦਾਸ ਜੀ ਸਾਰਖੇ ਤੱਤ-ਬੇਤੇ ਗੁਰਮੁਖ ਜਨ ਅਤੇ ਬਾਬੇ ਬੁੱਢੇ ਸਾਰਖੇ ਬ੍ਰਹਮ ਗਿਆਨੀ ਤਾਂ ਸੰਗਤਾਂ ਨੂੰ ਦੂਰ-ਦੁਰਾਡਿਆਂ ਥਾਵਾਂ ਤੋਂ ਪ੍ਰੇਰ ਪ੍ਰੇਰ ਕੇ ਗੁਰ-ਸਰਣਾਗਤਿ ਲਿਆਉਂਦੇ ਰਹੇ ਅਤੇ ਗੁਰ ਸਤਿਗੁਰੂ ਪਾਸੋਂ ਹੀ ਨਾਮ ਗੁਰਮੰਤਰ ਦਾ ਦਾਨ ਅਤੇ ਗੁਰਸਿਖੀ ਪ੍ਰਦਾਨ ਕਰਾਉਂਦੇ ਰਹੇ, ਉਹ ਕਦੇ ਖ਼ੁਦ ਗੁਰੂ ਬਣ ਕੇ ਨਹੀਂ ਬੈਠੇ, ਨਾ ਹੀ ਉਨ੍ਹਾਂ ਨੇ ਨਾਮ ਗੁਰਮੰਤਰ ਖ਼ੁਦ ਕਿਸੇ ਪ੍ਰਾਣੀ ਨੂੰ ਦਿਤਾ, ਨਾ ਕਿਸੇ ਨੂੰ ਆਪਣਾ ਸਿਖ ਬਣਾਇਆ, ਨਾ ਆਪਣੇ ਆਪ ਨੂੰ ਗੁਰੂ ਸਦਵਾਇਆ। ਨਹੀਂ ਤਾਂ ਹੁਣ ਨੂੰ ਉਹਨ੍ਹਾਂ ਦੀਆਂ ਸਿਖੀ-ਸੇਵਕੀ ਦੀਆਂ ਪੱਧਰਾ ਕਦੇ ਦੀਆਂ ਪਰਚਲਤ ਹੋ ਗਈਆਂ ਹੁੰਦੀਆਂ। ਬ੍ਰਹਮ-ਬੇਤੇ ਹੋ ਕੇ ਸਦੀਵ ਲਈ ਸਿਖ ਹੀ ਬਣੇ ਰਹੇ ਅਤੇ ਆਪਣੇ ਆਪ ਨੂੰ ਜਣਾਇਆ ਤਕ ਨਹੀਂ। ਇਹੀ ਤਾਂ ਅਜਰ ਨੂੰ ਜਰਨ ਵਾਲੀ ਗੁਰ-ਹੁਕਮਾਂ ਸਿਰ ਹੁਕਮ ਦੀ ਸਫਲ ਕਮਾਈ ਹੈ। ਇਹੀ ਸੱਚੀ ਗੁਰਸਿਖੀ ਹੈ। ਇਹੀ ਨਾਮ ਰਸਾਇਣੀ ਅਜਰ ਜਰਾਇਣੀ ਅਡੋਲ ਅਤੇ ਹਉਮੈ ਤੋਂ ਨਿਰਲੇਪ ਆਤਮ-ਅਵਸਥਾ ਹੈ, ਜੋ ਪੂਰਨ ਗੁਰ-ਮਰਯਾਦਾ ਅਨੁਸਾਰ ਤੇ ਗੁਰਮਤਿ ਦੇ ਪੂਰਨ ਤੱਤ ਆਸ਼ੇ ਅਨੁਸਾਰ ਕੇਵਲ ਸਤਿਗੁਰੂ ਦੁਆਰਿਓਂ ਹੀ ਨਾਮ-ਦਾਤ ਦੀ ਬਖਸ਼ਸ਼ ਕਰ ਵਰੋਸਾਏ ਗਏ ਗੁਰਮੁਖ ਜਨਾਂ ਨੂੰ ਪ੍ਰਾਪਤ ਹੈ।

ਜੋ ਇਥੋਂ ਰਾਈਂ ਮਾਤਰ ਭੀ ਘੁਥ ਗਏ, ਸੇ ਕਾਂਪ ਪਾ ਗਏ; ਅਤੇ ਅਕਸਰ ਓਹੀ ਕਾਂਪ ਖਾਂਦੇ ਹਨ, ਜਿਨ੍ਹਾਂ ਦੀ ਨਾਮ ਲੈਣ ਵਾਲੀ ਪੂਰਨ ਗੁਰਮਤਿ ਮਰਯਾਦਾ ਵਲੋਂ ਅਪੂਰਨਤਾ ਰਹਿ ਜਾਂਦੀ ਹੈ, ਯਾ ਜਿਨ੍ਹਾਂ ਤੋਂ ਨਾਮ-ਦਾਤ ਪੂਰਨ ਗੁਰ-ਮਰਯਾਦਾ ਅਨੁਸਾਰ ਪ੍ਰਾਪਤ ਕਰ ਕੇ ਪਿਛੋਂ ਕੋਈ ਗੁਰਮਤਿ ਪ੍ਰਤਿਕੂਲ ਚੂਕ ਹੋ ਜਾਂਦੀ ਹੈ, ਉਹ ਅੱਤ ਚੜ੍ਹਦੀ ਆਤਮ ਖਿਵਸਥਾ ਤੋਂ ਉਸ ਮਨਮਤ ਦੇ ਕਾਰਨ ਹੀ ਇਕ-ਦਮ ਖੜਦੀ ਕਲਾ ਵਿਚ ਹੋ ਜਾਂਦੇ ਹਨ।

ਇਕ ਗੁਰਮੁਖਿ ਨਾਮ ਕਮਾਈਆਂ ਵਾਲੇ ਸਿਖ ਸਜਣ ਦੀ ਇਥੋਂ ਤਾਈਂ ਆਤਮ ਅਵਸਥਾ ਚੜ੍ਹ ਗਈ ਸੀ ਕਿ ਉਸ ਦੀ ਨਾਮ-ਰੰਗਾਂ ਵਾਲੀ ਕਮਾਲ ਕਰਨੀ ਨੂੰ ਪੇਖਿ ਪੇਖਿ ਸੈਂਕੜੇ ਆਦਮੀ ਸੁਮਾਰਗੇ ਪਏ ਅਤੇ ਗੁਰਮਤਿ ਗ੍ਰਹਿਣ ਕਰ, ਤਿਆਰ-ਬਰ-ਤਿਆਰ ਸਿੰਘ ਸਜੇ, ਪਰ ਉਹ ਸਜਣ ਵਿਚ-ਵਿਚਾਲੇ ਆ ਕੇ ਅਜਿਹਾ ਅਟਕਿਆ ਕਿ ਉਸ ਦਾ ਨਾਮ-ਅਭ੍ਰਿਆਸ ਉੱਕਾ ਹੀ ਖੜੋ ਗਿਆ। ਉਹ ਦੁਹਾਈਆਂ ਦੇਵੇ ਅਤੇ ਕਹੇ ਕਿ ਮੈਨੂੰ ਕੀ ਹੋ ਗਿਆ ? ਬਹੁੜੀਆਂ ਪਾਵੇ, ਪਰ ਬਣੇ ਕੁਝ ਨਾ। ਓੜਕ ਜਦੋਂ ਨਾਮ-ਰਸੀਏੜੇ ਸਿੰਘ ਸੱਜਨਾਂ ਦੇ ਸਨਮੁਖ ਗੁਰੂ-ਦਰਬਾਰ ਵਿਚ ਆ ਕੇ ਉਸ ਨੇ ਪੁਕਾਰ ਕੀਤੀ ਤੇ ਸੰਗਤ ਅੰਦਰ ਵੀਚਾਰ ਦੁਆਰਾ ਜਦੋਂ ਉਸ ਦੀ ਸੋਧਨਾਂ ਕੀਤੀ ਗਈ ਤਾਂ ਪਤਾ ਲੱਗਾ ਕਿ ਉਹ ਸੱਜਣ ਇਕੱਲਾ ਹੀ ਲੋਕਾਂ ਨੂੰ ਨਾਮ ਗੁਰ-ਮੰਤਰ ਦੇਣ ਲੱਗ ਗਿਆ ਸੀ। ਉਸ ਦੀ ਇਸ ਬਜਰ ਭੁੱਲ ਦਾ ਜਦੋਂ ਗੁਰ-ਸੰਗਤ ਅੰਦਰ ਪੂਰਨ ਪ੍ਰਾਸਚਿਤੀ ਅਰਦਾਸਾ ਉਸ ਦੀ ਓਰ ਤੋਂ ਹੋਇਆ ਤਾਂ ਤਤਕਾਲ ਹੀ ਉਸ ਦਾ ਨਾਮ-ਅਭਿਆਸ ਤੁਰ ਪਿਆ, ਜੋ ਅਗੇ ਪਥਰਾਇਆ ਗਿਆ ਸੀ।

ਇਸ ਵਿਚ ਰੰਚਕ ਸੰਦੇਹ ਨਹੀਂ ਕਿ ਇਕੱਲੇ ਨਾਮ ਦੇਣ ਵਾਲਿਆਂ ਤੇ ਇਕੱਲੇ ਨਾਮ ਲੈਣ ਵਾਲਿਆ ਦੋਹਾਂ ਦੀਆਂ ਨਾਮ-ਅਭਿਆਸ ਕਮਾਈਆਂ ਵਿਚ ਕਚਿਆਈਆਂ ਅਤੇ ਅਪੂਰਨਤਾਈਆਂ ਜ਼ਰੂਰ ਰਹਿ ਜਾਂਦੀਆ ਹਨ। ਜਿੰਨੀਆਂ ਵੀ ਇਸ ਤਰ੍ਹਾਂ ਨਾਮ ਦੇਣ ਲੈਣ ਵਾਲਿਆਂ ਦੀਆ ਸੰਪਰਦਾਵਾ ਚਲੀਆਂ ਹਨ, ਸਭੇ ਹੀ ਤੱਤ-ਨਾਮ ਅਭਿਆਸ ਦੀ ਪੂਰਨ ਕਮਾਈ ਵਲੋਂ ਊਰੀਆ ਤੇ ਅਧੂਰੀਆਂ ਰਹਿ ਜਾਂਦੀਆ ਹਨ। ਚਾਹੇ ਕਿਤਨੀਆ ਰਿੱਧੀਆਂ ਸਿੱਧੀਆ ਉਹਨਾ ਦੀਆਂ ਪਰਸਿੱਧ ਹੋਣ, ਪਰ ਪੂਰਨ ਨਾਮ ਕਮਾਈ ਦੀ ਗੁਰਮਤਿ ਆਦਰਸ਼ਕ ਬਵਸਥਾ ਤੇ ਪੁਗ ਖਲੋ ਖੁਣੋਂ ਇਹ ਸਭ ਬੱਦਲ ਦੀ ਛਾਈ ਹੀ ਜਾਣੋ।

ਗੁਰੂ ਸਾਹਿਬਾਨ ਦੇ ਸਮੇਂ ਜਿਨ੍ਹਾਂ ਗੁਰਮੁਖ ਗੁਰਸਿਖਾਂ ਨੂੰ ਮੰਜੀਆਂ ਬਖਸ਼ੀਆਂ ਗਈਆਂ, ਸੋ ਗੁਰਮਤਿ ਦੇ ਪ੍ਰਚਾਰ ਲਈ ਬਖਸ਼ੀਆਂ ਗਈਆਂ, ਨਾ ਕਿ ਗੁਰੂ ਦੀ ਡਿੰਭ ਧਾਰਨ ਲਈ। ਜੇ ਕਹੋ ਕਿ ਇਤਿਹਾਸ ਤੋਂ ਇਹ ਗੱਲ ਸਿਧ ਨਹੀਂ ਹੁੰਦੀ ਕਿ ਮੰਜੀਆਂ ਵਾਲੇ ਗੁਰਮੁਖਿ ਨਾਮ ਦਾਨ ਨਹੀਂ ਸੀ ਕਰਦੇ, ਤਾਂ ਇਤਿਹਾਸ



www.AKJ.Org

ਤੋਂ ਇਹ ਗੱਲ ਭੀ ਸਿੱਧ ਨਹੀਂ ਹੁੰਦੀ ਕਿ ਮੰਜੀਆਂ ਵਾਲੇ ਗੁਰਮੁਖਿ ਨਾਮ ਦੇਂਦੇ ਰਹੇ ਹਨ। ਜੇ ਕਦੇ ਕਿਸੇ ਇਤਿਹਾਸਕਾਰ ਨੇ ਇਹ ਗੱਲ ਲਿਖ ਭੀ ਦਿਤੀ ਹੈ ਤਾਂ ਉਸ ਦਾ ਇਹ ਮਨ-ਉਕਤ ਢਕੋਂਸਲਾ ਹੀ ਹੋਵੇਗਾ। ਅਸੀਂ ਇਤਿਹਾਸ ਨੂੰ ਗੁਰਮਤਿ ਦੀ ਕਸੌਟੀ ਨਾਲ ਪਰਖ ਕੇ ਹੀ ਪਰਵਾਨ ਕਰਨਾ ਹੈ।

ਇਹ ਗੁਰਦੇਵ ਅਤੇ ਚਾਟੜਿਆਂ ਦੇ ਗੁਰਿ ਡਿੰਭ ਡੰਮ ਸਿਲਸਿਲੇ ਆਪ-ਮੁਹਾਰੇ ਹੀ ਚਲੇ। ਇਹ ਜਿਤਨੀਆ ਭਿੰਨ ਭਿੰਨ ਸੰਪ੍ਰਦਾਈ ਪੱਧਤਾਈ ਸ਼੍ਰੇਣੀਆਂ ਹਨ, ਸਭ ਗੁਰਮਤਿ ਤੋਂ ਆਕੀ ਸ਼੍ਰੇਣੀਆ ਹਨ। ਬਹੁਤ ਸਾਰੀਆਂ ਸ਼੍ਰੇਣੀਆਂ ਤਾਂ ਲੋਕਾਚਾਰੀ ਚਲ ਪਈਆਂ, ਓਹਨਾਂ ਸ਼੍ਰੇਣੀਆਂ ਦੇ ਪ੍ਰਤੀਨਿਧਾ ਨੇ ਨਹੀਂ ਚਲਾਈਆਂ, ਐਵੇਂ ਪਿਛੋਂ ਅੱਲਾਂ ਪੈ ਗਈਆਂ। ਪਰ ਸਿਧ ਭਜਨੀਕ ਹਸਤੀਆਂ ਨੂੰ ਲੋਕੀਂ ਆਪ ਹੀ ਗੁਰ-ਡਿੰਭਤਾ ਦਾ ਛੱਡ ਚਮੇੜ ਦਿੰਦੇ ਹਨ। ਬੜੇ ਬੜੇ ਕੱਟਰ ਤੱਤ ਖ਼ਾਲਸੇ ਭੀ ਇਤ ਵਲੇ ਧੋਖਾ ਖਾ ਜਾਂਦੇ ਹਨ। ਅਸਾਡੇ ਸਾਹਮਣੇ ਅਜ ੩ ਫਰਵਰੀ ੧੯੩੯ ਦਾ 'ਖ਼ਾਲਸਾ ਸੇਵਕ' ਅਖ਼ਬਾਰ ਪਇਆ ਹੈ ਜਿਸ ਦੇ ਪੰਨੇ ੬ ਉਤੇ 'ਸਿਖ ਰਾਜ ਸਮੇਂ ਦੀ ਮਾਈਂ' ਦੇ ਸਿਰਲੇਖ ਵਾਲੇ ਲੇਖ ਅੰਦਰ ਚੌਥੇ ਪੈਰੇ ਦੀ ਮੁਢਲੀ ਸਤਰ ਵਿਚ ਸੰਪਾਦਕ ਜੀ ਨੇ ਲਿਖਿਆ ਹੈ-
''ਕਿ ਆਪ ਜੀ ਨੇ ਬਾਬਾ ਗਿਆਨ ਸਿੰਘ ਜੀ ਗਿਆਨੀ ਤੋਂ ਅੰਮ੍ਰਿਤ ਛਕਿਆ''।
ਦੇਖੋ, ਕੈਸੀ ਗੁਰਮਤਿ ਦੇ ਤੱਤ-ਅਸੂਲੋਂ ਗਿਰੀ ਹੋਈ ਗੱਲ ਲਿਖੀ ਹੈ। ਚਾਹੇ ਇਹ ਸਧਾਰਨ ਹੀ ਲਿਖੀ ਗਈ ਹੋਵੇਗੀ, ਪਰ ਇਸ ਨੂੰ ਦੇਖ ਪੜ੍ਹ ਕੇ ਜਣਾ-ਕਣਾ ਸਾਧਾਰਨ ਆਦਮੀ ਇਹ ਧੋਖਾ ਖਾ ਜਾਂਦਾ ਹੈ ਕਿ ਇਕ ਇਕੱਲਾ ਆਦਮੀ ਹੀ ਅੰਮ੍ਰਿਤ ਛਕਾ ਸਕਦਾ ਹੈ।

ਸੰਤ ਸ਼ਾਮ ਸਿੰਘ ਜੀ ਅੰਮ੍ਰਿਤਸਰ ਵਾਲੇ ਪੂਰਨ ਗੁਰਮਤਿ ਮਰਯਾਦਾ ਪ੍ਰਸ਼ੋਤਮ ਸਨ। ਓਹਨਾਂ ਕਦੇ ਇਕੱਲਿਆ ਨੇ ਅੰਮ੍ਰਿਤ ਨਹੀਂ ਛਕਾਇਆ, ਹਾਂ ਪੰਜਾਂ ਪਿਆਰਿਆਂ ਵਿਚ੍ਹ ਜ਼ਰੂਰ ਸ਼ਾਮਲ ਹੁੰਦੇ ਸਨ, ਪਰ ਅਕਸਰ ਲੋਗ ਬਹੁਤ ਸਿੱਖ ਕਈ ਵਾਰ ਇਹ ਕਹਿੰਦੇ ਸੁਣੇ ਗਏ ਹਨ, 'ਜੀ । ਮੈਂ ਸੰਤ ਸ਼ਾਮ ਸਿੰਘ ਦੀ ਤੋਂ ਅੰਮ੍ਰਿਤ ਛਕਿਆ'' ਸੰਤ ਸ਼ਾਮ ਸਿੰਘ ਜੀ ਨੇ ਕਦੇ ਆਪਣੇ ਚਰਨਾ ਨੂੰ ਭੀ ਕਿਸੇ ਤੋਂ ਹੱਥ ਨਹੀਂ ਲਵਾਇਆ ਸੀ ਅਤੇ ਸਾਰਾ ਜੀਵਨ ਉਨ੍ਹਾਂ ਨੇ ਨਿਰੋਲ ਗੁਰਸਿਖ ਰਹਿ ਕੇ ਬਤੀਤ ਕੀਤਾ। ਕਦੇ ਆਪਣੇ ਆਪ ਨੂੰ ਗੁਰੂ ਨਹੀਂ ਸਦਵਾਇਆ। ਸਾਰੀ ਉਮਰ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅਨਿੰਨ ਪੁਜਾਰੀ ਸੇਵਕ ਸਿਖ ਹੀ ਬਣੇ ਰਹੇ, ਪਰ ਇਹ ਆਮ ਕਹਿਵਤ ਕਹੀ ਜਾਂਦੀ ਸੁਣੀ ਗਈ ਹੈ ਕਿ –ਫਲਾਣਾ ਸਿਖ ਸੰਤ ਸ਼ਾਮ ਸਿੰਘ ਦਾ ਚਾਟੜਾ ਹੈ। ਹਾਲਾਂਕਿ ਸੰਤ ਜੀ ਨੂੰ ਗੁਰੂ-ਡੰਮ ਦੀ ਕਦੇ ਭੀ ਚਾਟ ਨਹੀਂ ਲੱਗੀ; ਜਿਨ੍ਹਾਂ ਨੂੰ ਚਾਟ ਲੱਗੀ ਹੈ, ਉਹਨਾ ਪ੍ਰਥਾਇ ਤਾਂ ਕਿੰਨੀਆਂ ਕੁ ਕਹਿਵਤਾਂ ਪਰਚਲਤ ਹੋਈਆਂ ਹੋਣਗੀਆਂ।

ਸੋਲ੍ਹਾਂ ਸਾਲ ਦੀ ਜੇਲ੍ਹ-ਯਾਤ੍ਰਾ ਤੋਂ ਵਾਪਸ ਆਉਣ ਪਰ ਮੈਨੂੰ ਇਕ ਸਿੰਘ ਘਰ ਆ ਕੇ ਮਿਲਿਆ। ਉਹ ਐਉਂ ਗੱਲਾਂ ਕਰੇ ਜਿਵੇਂ ਮੇਰਾ ਚਿਰੋਕਣਾ ਜਾਣਨੂੰ ਹੁੰਦਾ ਹੈ, ਪਰ ਮੈਂ ਉਸ ਨੂੰ ਪਛਾਣਿਆ ਨਹੀਂ। ਜਦ ਜਾਣ-ਪਛਾਣ ਕਢਣ ਲਈ ਮੈਂ ਉਸ ਤੋਂ ਪੁਛ ਗਿਛ ਕੀਤੀ ਤਾਂ ਉਸ ਆਖਿਆ ''ਜੀ ਮੈਂ ਤੁਹਾਥੋਂ ਹੀ ਅੰਮ੍ਰਿਤ ਛਕਿਆ ਹੋਇਆ ਹੈ।'' ਮੈਂ ਆਖਿਆ, ਕੁਝ ਅਕਲ ਦੀ ਗੱਲ ਕਰੋ। ਉਹ ਸਮਝ ਗਿਆ ਤੇ ਫੇਰ ਆਖਣ ਲੱਗਾ, ''ਜੀ, ਮੈਥੋਂ ਭੁੱਲ ਹੋ ਗਈ, ਮੈਂ ਤਾਂ ਆਖਣਾ ਸੀ (ਮੇਰਾ ਮਤਲਬ ਤਾਂ ਇਹ ਸੀ) ਕਿ ਤੁਹਾਡੇ ਜੱਥੇ ਤੋਂ ਹੀ ਅੰਮ੍ਰਿਤ ਛਕਿਆ ਹੈ।'' ਮੈਂ ਬੋਲਿਆ-ਤੁਸੀਂ ਫੇਰ ਭੁੱਲ ਕਰਦੇ ਹੋ, ਮੇਰਾ ਜੱਥਾ ਕੀ । ਕਦੇ ਮੈਨੂੰ ਆਪ ਨੇ ਪੰਜਾਂ ਪਿਆਰਿਆਂ ਵਿਚ ਸ਼ਾਮਲ ਹੁੰਦਾ ਦੇਖਿਆ ਹੈ। ਉਸ ਠਠੰਬਰ ਕੇ ਆਖਿਆ- ''ਜੀ । ਜਿਸ ਜੱਥੇ ਵਿਚ ਤੁਸੀਂ ਰਲ ਮਿਲ ਕੇ ਕੀਰਤਨ ਕਰਦੇ ਹੁੰਦੇ ਹੋ, ਮੇਰੀ ਉਸ ਆਖਣ ਤੋਂ ਹੀ ਇਹੀ ਮੁਰਾਦ ਹੈ।'' ਇਹ ਗੱਲ ਪਕੀ ਸੀ ਕਿ ਜਦੋਂ ਉਸ ਨੇ ਅੰਮ੍ਰਿਤ ਛਕਿਆ ਸੀ ਤਾਂ ਮੈਂ ਓਦੋਂ ਪੰਜਾਂ ਪਿਆਰਿਆਂ ਵਿਚ ਭੀ ਨਹੀਂ ਸੀ ਸ਼ਾਮਲ ਹੋਇਆ। ਏਸੇ ਪ੍ਰਕਾਰ ਮੇਰੀ ਪਿੱਠ ਪਿਛੇ ਤਾਂ ਅਜਿਹੀਆਂ ਕਹਿਵਤਾਂ ਕਈ ਹੁੰਦੀਆਂ ਫਿਰਦੀਆਂ ਹੋਣਗੀਆਂ।

ਸਾਨੂੰ ਪ੍ਰਪੱਕ ਨਿਸਚਾ ਹੈ ਅੰਤੇ ਪੱਕੀਆਂ ਗਵਾਹੀਆਂ ਇਸ ਗੱਲ ਦੀਆਂ ਮਿਲਦੀਆਂ ਹਨ ਕਿ ਸੰਤ ਬਾਲਕ ਸਿੰਘ ਜੀ ਹਜ਼ਰੋ ਵਾਲਿਆਂ ਨੇ ਕਦੇ ਇਕੱਲਿਆਂ ਨੇ ਅੰਮ੍ਰਿਤ ਨਹੀਂ ਛਕਾਇਆ ਅਤੇ ਨਾ ਹੀ ਕਦੇ ਇਕੱਲਿਆਂ ਨੂੰ ਨਾਮ ਦਿਤਾ। ਇਹ ਜੋ ਗੱਲ ਪਰਚਲਤ ਹੈ ਕਿ ਬਾਬਾ ਰਾਮ ਸਿੰਘ ਜੀ ਭੈਣੀ ਵਾਲਿਆਂ ਨੇ

(ਬਾਕੀ ਪੰਨਾ ੧੧ ਤੇ ...)



www.AKJ.Org

# 'ਸਾਕਾ ਨੀਲਾ ਤਾਰਾ''

## *ਸਾਕੇ ਭੁੱਲਣ ਯੋਗ ਨਹੀਂ ਹੁੰਦੇ*

(ਸ: ਦਿਲਜੀਤ ਸਿੰਘ)

ਅਜ਼ਾਦ ਭਾਰਤ ਦੇ ਇਤਿਹਾਸ ਵਿਚ ਹਰਿਮੰਦਰ ਸਾਹਿਬ 'ਤੇ ਭਾਰਤੀ ਫ਼ੌਜਾਂ ਦਾ ਹਮਲਾ ਸਮੁੱਚੇ ਜਗਤ ਦੀ ਤ੍ਰਾਸਦੀ ਦਾ ਸਿਰਲੇਖ ਹੈ। ਇਸ ਦੁਆਲੇ ਦੁਖਦ ਕਥਾ ਉਸਰੀ ਹੋਈ ਹੈ। ਇਹ ਸਿੱਖਾਂ ਦੀ ਰੂਹ 'ਤੇ ਲੱਗਿਆ ਜ਼ਖ਼ਮ ਹੈ ਜੋ ਸਮੇਂ-ਸਮੇਂ ਦੁਖਦਾ ਰਹੇਗਾ। ਛੇ ਜੂਨ ਉਨੀ ਸੌ ਚੌਰਾਸੀ ਦੀ ਬਾਰੂਦੀ ਸ਼ਾਮ 'ਚ ਸ੍ਰੀ ਹਰਮਿੰਦਰ ਸਾਹਿਬ ਦੀ ਘਸਮੈਲੀ ਬੇਚੈਨੀ ਪੰਜਾਬ ਦੇ ਉਸ ਚਿਹਰੇ ਦਾ ਪ੍ਰਤੀਬਿੰਬ ਹੈ ਜਿਸ ਦਾ ਅੰਗ-ਅੰਗ ਪੀੜ 'ਚ ਮੱਚਿਆ ਹੈ। ਇਹ ਸਾਕਾ ਸਿੱਖਾਂ ਦੇ ਜ਼ਿਹਨ ਚਿੰਨ੍ਹ 'ਚੋਂ ਮਨਫੀ ਹੋਣਾ ਮੁਸ਼ਕਲ ਹੈ। ਸਾਕਾ ਨੀਲਾ ਤਾਰਾ ਨੇ ਸ੍ਰੀ ਅਕਾਲ ਤਖ਼ਤ ਸਾਹਿਬ, ਸ੍ਰੀ ਦਰਬਾਰ ਸਾਹਿਬ, ਤੋਸ਼ਾਖਾਨਾ, ਸਿੱਖ ਰੈਫਰੈਂਸ ਲਾਇਬ੍ਰੇਰੀ ਅਤੇ ਤੇਜਾ ਸਿੰਘ ਸਮੁੰਦਰੀ ਹਾਲ ਨੂੰ ਪਹੁੰਚਾਏ ਨੁਕਸਾਨ ਦੇ ਅਰਥਾਂ ਨੇ ਰੂਹਾਨੀ ਘਾਉ ਪੈਦਾ ਹਨ, ਜੋ ਭੁਲਾਇਆਂ ਵੀ ਭੁੱਲਣ ਵਾਲੇ ਨਹੀਂ ਹਨ, ਫ਼ੌਜੀ ਹਮਲੇ ਦੇ 13 ਸਾਲ ਬੀਤ ਜਾਣ ਬਾਅਦ ਵੀ ਕੇਂਦਰੀ ਹਾਕਮਾਂ ਨੇ ਪਾਰਲੀਮੈਂਟ ਅੰਦਰ ਇਸ ਘਟਨਾ ਨੂੰ ਮੰਦਭਾਗੀ ਜਾ ਅਫ਼ਸੋਸਜਨਕ ਨਹੀ ਕਿਹਾ। ਇਸ ਸਮੇਂ ਬਾਅਦ ਕਈ ਸਰਕਾਰਾਂ ਵੀ ਬਦਲੀਆਂ ਹਨ। ਅੱਜ ਵੀ ਸਿੱਖ ਮਾਨਸਿਕਤਾ ਇਸ ਸਾਕੇ ਦੀ ਘਟੀਆ ਅਤੇ ਬੇਲੋੜੀ ਕਾਰਵਾਈ ਤੋਂ ਬੇਹੱਦ ਪੀੜਤ ਹੈ। ਇਹ ਉਹ ਪੀੜ ਹੈ ਜਿਸ ਨੂੰ ਮੱਠੀ ਪੈਣ ਵਿਚ ਸਮਾਂ ਤਾ ਲੱਗੇਗਾ ਪਰ ਇਸ ਦਾ ਅਹਿਸਾਸ ਸਦੀਵੀ ਰਹੇਗਾ।

ਭਾਰਤ ਦੇ ਪ੍ਰਧਾਨ ਮੰਤਰੀ ਬਣਨ ਉਪਰੰਤ ਸ੍ਰੀ ਹਰਮਿੰਦਰ ਸਾਹਿਬ ਦੇ ਦਰਸ਼ਨਾਂ ਨੂੰ ਆਏ ਸ੍ਰੀ ਅਟਲ ਬਿਹਾਰੀ ਵਾਜਪਾਈ ਨੇ ਪ੍ਰੈਸ ਕਾਨਫਰੰਸ ਸਮੇਂ ਸ੍ਰੀ ਹਰਿਮੰਦਰ ਸਾਹਿਬ 'ਤੇ ਹੋਏ ਫ਼ੌਜੀ ਹਮਲੇ ਨੂੰ ਅਫ਼ਸੋਸਜਨਕ ਮੰਦਭਾਗੀ ਕਾਰਵਾਈ ਤਾਂ ਕਿਹਾ ਪਰ ਉਨ੍ਹਾਂ ਨਾਲ ਹੀ ਇਹ ਵੀ ਕਿਹਾ ਕਿ ਸਿੱਖਾਂ ਨੂੰ ਹੁਣ ਇਸ ਘਟਨਾ ਨੂੰ ਭੁੱਲ ਜਾਣਾ ਚਾਹੀਦਾ ਹੈ। ਇਸ ਬਿਆਨ ਦੀ ਪਰਿਭਾਸ਼ਾ ਸਿੱਖ ਹਲਕਿਆਂ ਵਿਚ ਬਾਖੂਬੀ ਸਮਝੀ ਗਈ ਹੈ। ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਨੇ ਘੱਲੂਘਾਰਾ ਦਿਵਸ ਦੇ ਅਰਦਾਸ ਸਮਾਗਮ ਸਮੇਂ ਬੋਲਦਿਆਂ ਕਿਹਾ ਅਜਿਹੇ ਘੱਲੂਘਾਰੇ, ਸਾਕੇ, ਹਮਲੇ ਭੁੱਲਣ ਵਾਲੇ ਨਹੀਂ ਹੁੰਦੇ ਅਤੇ ਨਾ ਹੀ ਇਹ ਭੁਲਾਏ ਜਾ ਸਕਦੇ ਹਨ। ਇਸ ਸਾਕੇ ਨੇ ਪੰਜਾਬ ਨੂੰ ਹੀ ਨਹੀਂ ਪੂਰੇ ਜਗਤ ਨੂੰ ਛੱਲਣੀ ਕਰ ਦਿੱਤਾ। ਭਾਰਤੀ ਫ਼ੌਜ ਅਤੇ ਨੀਮ ਫ਼ੌਜੀ ਦਸਤਿਆਂ ਨੇ ਪਿੰਡ ਪਿੰਡ 'ਚੋਂ ਛਾਂਟ- ਛਾਂਟ ਸਿੱਖ ਗੱਭਰੂ ਗੋਲੀਆਂ ਨਾਲ ਭੁੰਨੇ, ਲਾਸ਼ਾ ਲਾਵਾਰਸ ਕਹਿ ਕੇ ਦਰਿਆਵਾਂ, ਨਹਿਰਾਂ ਵਿਚ ਰੋੜੀਆਂ ਅਤੇ ਬਿਨਾ ਅੰਦਰਾਜ ਸ਼ਮਸ਼ਾਨ ਘਾਟਾ ਵਿਚ ਸਾੜੀਆਂ। ਇਸ ਸਾਕੇ ਤੋਂ ਬਾਅਦ ਸਿੱਖਾਂ 'ਤੇ ਇਕ ਹੋਰ ਵੱਡਾ ਕਹਿਰ ਦੇਸ਼ ਵਿਚ ਸਿੱਖ-ਵਿਰੋਧੀ ਕਤਲੇਆਮ ਦੁਆਰਾ ਢਾਹਿਆ ਗਿਆ। ਇਹ ਕਤਲੇਆਮ ਦਿਲ-ਕੰਬਾਊ ਅਤੇ ਅਤਿ ਘਿਨਾਉਣਾ ਸੀ। ਸਿੱਖਾਂ ਦੇ ਵੱਡੇ ਹਿੱਸੇ ਨੂੰ ਇਸ ਕਤਲੇਆਮ ਦਾ ਸ਼ਿਕਾਰ ਹੋਣਾ ਪਿਆ ਤੇ ਕਤਲੇਆਮ ਦੇ ਉਜੜੇ ਲੋਕ ਅਜੇ ਤੀਕ ਸਥਾਪਤ ਨਹੀਂ ਹੋ ਸਕੇ। ਸਰਕਾਰ ਨੇ ਉਹਨਾਂ ਦੇ ਮੁੜ-ਵਸੇਵੇ ਲਈ ਕੋਈ ਯੋਗ ਉਦਮ ਨਹੀਂ ਕੀਤੇ। ਸਿੱਖ ਸੰਸਥਾਵਾਂ ਵੱਲੋਂ ਇਹਨਾਂ ਦੋ ਹਮਲਿਆਂ 'ਚ ਪ੍ਰਭਾਵਤ ਲੋਕਾਂ ਲਈ ਵੱਡੇ ਪੱਧਰ 'ਤੇ ਉਪਰਾਲੇ ਕਰਕੇ ਇਨ੍ਹਾਂ ਨੂੰ ਸਾਂਭਣ ਦਾ ਯਤਨ ਕੀਤਾ ਹੈ।

ਸ੍ਰੀ ਦਰਬਾਰ ਸਾਹਿਬ 'ਤੇ ਫੌਜੀ ਹਮਲਾ, ਅਜ਼ਾਦ ਭਾਰਤ ਦੇ ਇਤਿਹਾਸ ਵਿਚ ਵਾਪਰੀ ਅਜਿਹੀ ਮੰਦਭਾਗੀ ਘਟਨਾ ਹੈ ਕਿ ਸਿੱਖ ਮਾਨਸਿਕਤਾ' ਉਤੇ ਪਏ ਇਸ ਦੇ ਡੂੰਘੇ ਪ੍ਰਭਾਵ ਨੂੰ ਅਸਾਨੀ ਨਾਲ ਮੇਟਿਆ ਨਹੀਂ ਜਾ ਸਕਦਾ। ਪਿਛਲੇ ਸਾਲਾਂ ਵਿਚ ਮਰਹੂਮ ਪ੍ਰਧਾਨ ਮੰਤਰੀ, ਸ੍ਰੀਮਤੀ ਇੰਦਰਾ ਗਾਂਧੀ ਸਮੇਤ ਜਿਸ ਨੇ ਇਸ ਫੌਜੀ ਹਮਲੇ ਦੇ ਆਦੇਸ਼ ਦਿੱਤੇ ਸਨ, ਭਾਰਤ ਦੇ ਹੋਰ ਚਾਰ ਪ੍ਰਧਾਨ ਮੰਤਰੀ ਦਰਬਾਰ ਸਾਹਿਬ ਦੀ ਫੇਰੀ ਪਾ ਚੁੱਕੇ ਹਨ। ਦੇਸ਼ ਦੀ ਪਾਰਲੀਮੈਂਟ ਨੇ ਇਸ ਦੁਖਾਂਤਕ ਘਟਨਾ ਬਾਰੇ ਅਫ਼ਸੋਸ ਦਾ ਪ੍ਰਸਤਾਵ ਪਾਸ ਨਹੀਂ ਕੀਤਾ ਤੇ ਭਾਰਤ ਸਰਕਾਰ ਵਲੋਂ ਅਜਿਹੀ ਕਾਰਵਾਈ ਲਈ ਖਿਮਾ-ਜਾਚਨਾ ਵੀ ਨਹੀਂ ਕੀਤੀ ਗਈ। ਕੇਂਦਰੀ ਨੇਤਾਵਾਂ ਦਾ ਅਜਿਹਾ ਅੜੀਅਲ ਵਤੀਰਾ ਸਿੱਖਾਂ ਦੇ ਮਨਾਂ ਵਿਚ ਹੋਰ ਕੁੜੱਤਨ ਭਰਨ ਤੋਂ ਇਲਾਵਾ ਕੁਝ ਨਹੀਂ ਹੈ। ਬ੍ਰਾਹਮਣੀ ਪੰਡਤਾਊ ਰਾਜਨੀਤੀ, ਸਿੱਖਾਂ ਪ੍ਰਤੀ ਨਾ ਪਹਿਲਾ ਹਰ ਤਰ੍ਹਾਂ ਦੀ ਹਿਲਜੁਲ ਦੀ ਸ਼ਨਾਖਤ, ਕੇਂਦਰ ਕੋਲ ਪਲ-ਪਲ ਪਹੁੰਚਦੀ ਸੀ। ਸਰਕਾਰ ਨੇ ਉਦੋਂ ਹੀ ਇਸ ਦੇ ਢੁੱਕਵੇ ਪ੍ਰਬੰਧ ਕਿਉਂ ਨਾ ਕੀਤੇ?- ਕਿਉਂਕਿ ਸਰਕਾਰ



www.AKJ.Org

ਸਿੱਖਾਂ ਨੂੰ ਜਾਨੀ ਤੇ ਇਤਿਹਾਸਕ ਪੱਖੋਂ ਮਾਰਨਾ ਚਾਹੁੰਦੀ ਸੀ। ਹਜ਼ਾਰਾਂ ਸਿੱਖ ਸੰਗਤਾਂ ਸ੍ਰੀ ਦਰਬਾਰ ਸਾਹਿਬ ਮੱਥਾ ਟੇਕਣ ਨੂੰ ਆਈਆਂ, ਜਿਨ੍ਹਾਂ ਨੂੰ ਸ੍ਰੀ ਹਰਿਮੰਦਰ ਸਾਹਿਬ ਦੀ ਪ੍ਰਕਰਮਾ ਅਤੇ ਸਰਾਵਾਂ ਵਿਚ ਅੰਨ੍ਹੇ ਵਾਹ ਗੋਲੀਆਂ ਚਲਾ ਕੇ ਸ਼ਹੀਦ ਕਰ ਦਿੱਤਾ। ਸਿੱਖਾਂ ਦੀਆਂ ਇਤਿਹਾਸਕ ਵਸਤਾਂ ਦਾ ਖ਼ਜ਼ਾਨਾ ਤੇ ਤੋਸ਼ਾਖਾਨਾ, ਸਿੱਖ ਰੈਫਰੈਂਸ ਲਾਇਬ੍ਰੇਰੀ ਨੂੰ ਅੱਗ ਲਾ ਕੇ ਤਬਾਹ ਕਰ ਦਿੱਤਾ ਗਿਆ। ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਬੰਬਾਂ ਦੀ ਛਹਿਬਰ ਨਾਲ ਢਹਿ ਢੇਰੀ ਕੀਤਾ। ਸ੍ਰੀ ਹਰਿਮੰਦਰ ਸਾਹਿਬ ਦੀ ਨਿਤਾਪ੍ਰਤੀ ਪਵਿੱਤਰ ਮਰਯਾਦਾ ਭੰਗ ਕੀਤੀ। ਸਾਕੇ ਤੋਂ ਦੋ ਹਫ਼ਤਿਆਂ ਬਾਅਦ ਮਰਹੂਮ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਸ੍ਰੀ ਹਰਿਮੰਦਰ ਸਾਹਿਬ ਆਈ ਪਰ ਉਸ ਨੇ ਇਸ ਘਟਨਾ ਬਾਰੇ ਮਲ੍ਹਮ ਲਾਉਣ ਵਾਲੇ ਸ਼ਬਦ ਵੀ ਨਾ ਕਹੇ।

ਬਹੁਤ ਸਾਰੇ ਰਾਜਸੀ ਤੇ ਗੈਰ-ਰਾਜਸੀ ਮਾਹਿਰਾਂ ਨੇ ਕਿਹਾ ਕਿ ਜੇ ਦਿੱਲੀ ਵਾਲੇ ਚਾਹੁੰਦੇ ਤਾਂ ਇਹ ਘੱਲੂਘਾਰਾ ਹੋਣ ਤੋਂ ਰੋਕਿਆ ਜਾ ਸਕਦਾ ਸੀ। ਸ੍ਰੀਮਤੀ ਗਾਂਧੀ ਕਹਿੰਦੀ ਕੁਝ ਹੋਰ ਤੇ ਕਰਦੀ ਕੁਝ ਹੋਰ ਸੀ। ਉਸ ਦੀ ਇਸ ਕਹਿਣੀ ਤੇ ਕਰਨੀ ਦੇ ਅੰਤਰ ਨੇ ਸਿੱਖ ਭਾਈਚਾਰੇ ਨੂੰ ਅਜਿਹੇ ਡੂੰਘੇ ਜ਼ਖ਼ਮ ਦਿੱਤੇ, ਜਿਹੜੇ ਭਰਨੇ ਅਸੰਭਵ ਹਨ। ਹਰ ਸਾਲ ਛੇ ਜੂਨ ਦਾ ਦਿਨ ਇਸ ਦੁਖਦਾਈ ਘਟਨਾ ਦੀ ਕੋਈ ਯਾਦ ਸਿੱਖਾਂ ਨੂੰ ਦਿਵਾਉਂਦਾ ਰਹੇਗਾ।

ਉਹ ਇਤਿਹਾਸਕ ਘਟਨਾਵਾਂ ਲੰਮੇ ਸਮੇਂ ਤੱਕ ਯਾਦ ਰਹਿੰਦੀਆਂ ਹਨ, ਜਿਨ੍ਹਾਂ ਦਾ ਸੰਬੰਧ ਦੁੱਖ ਦਰਦ ਨਾਲ ਹੋਵੇ ਤੇ ਕੁਝ ਅਜਿਹੀਆਂ ਘਟਨਾਵਾਂ ਵੀ ਹੁੰਦੀਆਂ ਹਨ, ਜੋ ਪੱਕੇ ਤੌਰ 'ਤੇ ਇਤਿਹਾਸ ਅੰਦਰ ਬਹੁਤ ਸਾਰੀਆਂ ਅਜਿਹੀਆਂ ਘਟਨਾਵਾਂ ਹਨ, ਜੋ ਅਤਿ ਦੁਖਦਾਈ ਹਨ ਪਰ ਇਸ ਸਦੀ ਦੀ ਸਭ ਤੋਂ ਵੱਧ ਦੁਖਦਾਈ ਘਟਨਾ ਇਹ ਘੱਲੂਘਾਰਾ ਹੀ ਹੈ। ਇਹ ਘੱਲੂਘਾਰਾ ਜੂਨ ਦੇ ਮਹੀਨੇ ਸੰਨ 1984 ਵਿਚ ਵਾਪਰਿਆ। ਭਾਵੇ ਜੂਨ ਦੇ ਮਹੀਨੇ ਦੀ ਸ਼ੁਰੂਆਤ 'ਤੇ ਹੀ ਦਰਬਾਰ ਸਾਹਿਬ ਉਪਰ ਫੌਜੀ ਕਾਰਵਾਈ ਦਾ ਆਰੰਭ ਹੋ ਚੁੱਕਾ ਸੀ, ਪਰ ੬ ਜੂਨ ਤੱਕ ਬਹੁਤ ਕੁਝ ਵਾਪਰ ਚੁੱਕਾ ਸੀ, ਸ੍ਰੀ ਅਕਾਲ ਤਖ਼ਤ ਸਾਹਿਬ ਢਹਿ-ਢੇਰੀ ਹੋ ਚੁੱਕਾ ਸੀ। ਪਰਕਰਮਾ ਲਾਲ-ਰੱਤ ਹੋਈ ਪਈ ਸੀ ਤੇ ਟੈਂਕਾਂ ਨਾਲ ਇਕ ਤਰ੍ਹਾਂ ਨਾਲ ਦਰੜੀ ਗਈ ਸੀ। ਇਸ ਕਾਰਵਾਈ ਵਿਚ ਬਹੁਤ ਸਾਰੇ ਸਿੱਖ ਜੋ ਪੂਰੀ ਤਰ੍ਹਾ ਬੇਗੁਨਾਹ ਸਨ, ਮਾਰੇ ਗਏ ਸਨ। ਹਰ ਸਾਲ ਇਸ ਸਾਕੇ ਦੀ ਯਾਦ ੬ ਜੂਨ ਨੂੰ ਤਾਜ਼ਾ ਕੀਤੀ ਜਾਂਦੀ ,ਹੈ ਭਾਵ ਇਸ ਦਿਨ ਨੂੰ ਘੱਲੂਘਾਰਾ ਦਿਵਸ ਵਜੋਂ ਮਨਾਇਆ ਜਾਂਦਾ ਹੈ। ਉਸ ਸਮੇਂ ਦੀ ਕਾਂਗਰਸ ਸਰਕਾਰ ਦੀ ਇਹ ਇਕ ਅਜਿਹੀ ਹਿਮਾਲਿਆ ਗਲਤੀ ਸੀ ਜਿਸ ਦੀ ਤਲਾਫੀ ਕਦੇ ਵੀ ਨਹੀਂ ਹੋ ਸਕਦੀ। ਸ੍ਰੀਮਤੀ ਇੰਦਰਾ ਗਾਂਧੀ ਦਾ ਕਾਹਲ ਵਿਚ ਲਿਆ ਇਹ ਫ਼ੈਸਲਾ ਪੂਰੀ ਤਰ੍ਹਾਂ ਗ਼ਲਤ ਸੀ, ਜਿਸ ਨੇ ਪੰਜਾਬ ਨੂੰ ਤੇ ਖਾਸ ਕਰ ਕੇ ਸਿੱਖ ਕੌਮ ਨੂੰ ਬਹੁਤ ਵੱਡਾ ਦੁੱਖ ਦਰਦ ਦਿੱਤਾ। ਇਹ ਅਜਿਹੀ ਅਤਿ ਦੁਖਦਾਈ ਘਟਨਾ ਹੈ, ਜੋ ਰਹਿੰਦੀ ਦੁਨੀਆਂ ਤਕ ਸਿੱਖਾਂ ਦੇ ਮਨਾਂ ਅੰਦਰ ਤਲਖ਼ੀ ਪੈਦਾ ਕਰਦੀ ਰਹੇਗੀ।

1 ਤੋਂ ੬ ਜੂਨ ਤਕ ਸਾਰੇ ਪੰਜਾਬ ਵਿਚ ਹਰ ਸਾਲ ਘੱਲੂਘਾਰਾ ਹਫਤਾ ਮਨਾਇਆ ਜਾਂਦਾ ਹੈ। ਜੂਨ, 1984 ਵਿਚ ਸਿੱਖਾਂ ਦੇ ਸਰਵਉੱਚ ਧਾਰਮਿਕ ਅਸਥਾਨ ਸ੍ਰੀ ਹਰਿਮੰਦਰ ਸਾਹਿਬ ਉਤੇ ਫੌਜ ਦੁਆਰਾ ਹਮਲਾ ਕੀਤਾ ਗਿਆ ਸੀ। ਇਹ ਹਮਲਾ ਤੋਪਾਂ, ਟੈਂਕਾਂ ਤੇ ਰਾਕਟਾਂ ਨਾਲ ਕੀਤਾ ਗਿਆ ਸੀ ਅਤੇ ਇਸ ਹਮਲੇ ਵਿਚ ਅਨੇਕਾਂ ਹੀ ਨਿਹੱਥੇ ਔਰਤਾਂ, ਬੱਚੇ, ਬਜ਼ੁਰਗ ਅਤੇ ਨੌਜਵਾਨ ਮਾਰੇ ਗਏ ਸਨ। ਇਸ ਤੋਂ ਇਕ ਦਿਨ ਪਹਿਲਾਂ ਇੰਦਰਾ ਗਾਂਧੀ ਨੇ ਅਕਾਸ਼ਵਾਣੀ ਦੁਆਰਾ ਅਕਾਲੀਆਂ ਨੂੰ ਸ਼ਾਂਤੀ ਦੀ ਗੱਲਬਾਤ ਦੀ ਪੇਸ਼ਕਸ਼ ਕੀਤੀ ਸੀ, ਪਰ ਸ਼ਾਮ ਨੂੰ ਉਸ ਨੇ ਚੁੱਪ-ਚੁਪੀਤੇ ਪੰਜਾਬ ਨੂੰ ਫ਼ੌਜ ਦੇ ਹਵਾਲੇ ਕਰ ਕੇ ਅਗਲੇ ਦਿਨ ਸ੍ਰੀ ਹਰਿਮੰਦਰ ਸਾਹਿਬ ਉੱਤੇ ਫੌਜ ਦੁਆਰਾ ਹਮਲਾ ਕਰਵਾ ਦਿੱਤਾ। ਇੱਥੋਂ ਹੀ ਨੀਅਤ ਬਾਰੇ ਸਾਫ-ਸਾਫ ਪਤਾ ਲੱਗਦਾ ਹੈ ਕਿ ਉਸ ਦੇ ਮਨ ਵਿਚ ਸ਼ੁਰੂ ਤੋਂ ਹੀ ਖੋਟ ਸੀ।

ਇਸ ਹਮਲੇ ਲਈ ਪਹਿਲਾਂ ਮਾਹੌਲ ਤਿਆਰ ਕੀਤਾ ਗਿਆ। ਸਾਰੇ ਪੰਜਾਬ ਵਿਚ ਕਰਫ਼ਿਊ ਲਗਾ ਦਿੱਤਾ ਗਿਆ, ਸੜਕੀ, ਰੇਲ ਅਤੇ ਹਵਾਈ ਆਵਾਜਾਈ ਬੰਦ ਕਰ ਦਿੱਤੀ ਗਈ। ਸਾਰੇ ਸੰਚਾਰ ਸਾਧਨ ਠੱਪ ਕਰ ਦਿੱਤੇ ਗਏ। ਪੰਜਾਬ ਨੂੰ ਪੂਰੀ ਤਰ੍ਹਾਂ ਸੀਲ ਕਰ ਦਿੱਤਾ ਗਿਆ। ਇਸ ਤਰ੍ਹਾਂ ਪੰਜਾਬ ਦਾ ਸੰਪਰਕ ਬਾਕੀ ਸਾਰੀ ਦੁਨੀਆਂ ਨਾਲੋਂ ਕੱਟ ਗਿਆ ਅਤੇ ਪੰਜਾਬ ਦੇ ਹਵਾਲੇ ਕਰ ਦਿੱਤਾ ਗਿਆ।



www.AKJ.Org

ਫੌਜ ਵਲੋਂ ਆਪਣੀ ਕਾਰਵਾਈ ਅਰੰਭੀ ਗਈ। ਸ੍ਰੀ ਗੁਰੂ ਅਰਜਨ ਦੇਵ ਜੀ ਦਾ ਸ਼ਹੀਦੀ ਦਿਹਾੜਾ ਹੋਣ ਕਰ ਕੇ ਦਰਬਾਰ ਸਾਹਿਬ ਅੰਦਰ ਸੰਗਤਾਂ ਦਾ ਇੱਕਠ ਠਾਠਾਂ ਮਾਰ ਰਿਹਾ ਸੀ। ਪਰ ਇੰਦਰਾ ਗਾਂਧੀ ਨੇ ਸਿੱਖਾਂ ਨੂੰ ਬੁਰੀ ਤਰ੍ਹਾਂ ਜ਼ਲੀਲ ਕਰਨ ਦੀ ਨੀਅਤ ਨਾਲ ਦਿਨ ਹੀ ਇਹ ਚੁਣਿਆ ਸੀ। ਫੌਜ ਵੱਲੋਂ ਲੁੱਕੇ ਖਾੜਕੂਆਂ ਨੂੰ ਲਾਊਡ ਸਪੀਕਰ ਰਾਹੀਂ ਬਾਹਰ ਨਿਕਲ ਆਉਣ ਦੀ ਅਪੀਲ ਕੀਤੀ ਗਈ।

ਕੁਝ ਸਿੱਖਾਂ ਦੇ ਬਾਹਰ ਆਉਦਿਆਂ ਹੀ ਉਹਨਾਂ ਨੂੰ ਗੋਲੀਆਂ ਨਾਲ ਭੁੰਨ ਦਿੱਤਾ ਗਿਆ ਤੇ ਇਸ ਤੋਂ ਬਾਅਦ ਗੁਰਦੁਆਰੇ ਅੰਦਰ ਹਜ਼ਾਰਾਂ ਨਿਹੱਥੇ ਬੰਦਿਆਂ ਨੂੰ ਟੈਂਕਾਂ, ਤੋਪਾਂ ਤੇ ਰਾਕਟਾਂ ਦੇ ਹਮਲੇ ਨਾਲ ਮਾਰ ਸੁੱਟਿਆ ਗਿਆ ਜਦੋਂ ਕਿ ਸਰਕਾਰ ਅਤੇ ਫੌਜ ਜਾਣਦੀ ਸੀ ਕਿ ਇਹ ਨਿਰਦੋਸ਼ ਹਨ। ਇਸ ਸਾਰੀ ਕਾਰਵਾਈ ਨੂੰ ਫੌਜ ਨੇ ਅਪ੍ਰੇਸ਼ਨ 'ਬਲਿਊ ਸਟਾਰ' ਨੀਲਾ ਤਾਰਾ ਦਾ ਨਾਂ ਦਿੱਤਾ। ਇੰਦਰਾ ਗਾਂਧੀ ਮੂੰਹੋਂ ਕੁਝ ਹੋਰ ਬੋਲਦੀ ਸੀ ਤੇ ਉਸ ਦੇ ਦਿਲ ਵਿਚ ਕੁਝ ਹੋਰ ਸੀ। ਉਸ ਦੀ ਨੀਅਤ ਵਿਚ ਖੋਟ ਸੀ। ਉਹ ਸਿੱਖਾਂ ਨੂੰ ਚੰਗਾ ਸਬਕ ਸਿਖਾਉਣਾ ਚਾਹੁੰਦੀ ਸੀ ਕਿ ਉਹ ਦੁਬਾਰਾ ਉਸ ਖਿਲਾਫ਼ ਸਿਰ ਨਾ ਚੁੱਕ ਸਕਣ। ਇਹ ਕੋਈ ਨਵੀਂ ਗੱਲ ਨਹੀਂ। ਤਖ਼ਤਾਂ 'ਤੇ ਬੈਠ ਕੇ ਸਿਰਾਂ 'ਤੇ ਤਾਜ ਪਹਿਨਣ ਵਾਲੇ ਅਕਸਰ ਇਹ ਗੱਲ ਭੁੱਲ ਜਾਇਆ ਕਰਦੇ ਹਨ ਕਿ ਇਸ ਸੰਸਾਰ ਨੂੰ ਉਹ ਨਹੀਂ, ਕੋਈ ਹੋਰ ਚਲਾ ਰਿਹਾ ਹੈ। ਇਸੇ ਭੁਲੇਖੇ ਵਿਚ ਉਹ ਮਨਮਾਨੀਆਂ ਕਰੀ ਜਾਂਦੇ ਹਨ ਤੇ ਮਾਸੂਮਾਂ ਦੇ ਲਹੂ ਨਾਲ ਖੇਡਦੇ ਹਨ। ਕੁਰਸੀ ਦਾ ਨਸ਼ਾ ਹੀ ਅਜਿਹਾ ਹੁੰਦਾ ਹੈ, ਜੋ ਇਨਸਾਨ ਦੀ ਸੋਚ ਨੂੰ ਜੰਦਰਾ ਲਗਾ ਦਿੰਦਾ ਹੈ ਤੇ ਇਸ ਤਰ੍ਹਾਂ ਇਨਸਾਨ ਭਲਾ-ਬੁਰਾ ਕੁਝ ਨਹੀਂ ਸੋਚ ਸਕਦਾ ਤੇ ਸਾਰੇ ਜ਼ਮਾਨੇ ਨੂੰ ਕਿਸੇ ਵੀ ਤਰੀਕੇ ਆਪਣੀ ਮੁੱਠੀ ਵਿਚ ਕਰ ਲੈਣਾ ਲੋਚਦਾ ਹੈ। ਇਸ ਤਰ੍ਹਾਂ ਇੰਦਰਾ ਗਾਂਧੀ ਨੇ ਮਾਸੂਮਾਂ ਦੇ ਲਹੂ ਨਾਲ ਆਪਣੇ ਹੱਥ ਰੰਗੇ ਪਰ ਅੰਤ ਉਸ ਦਾ ਵੀ ਹਸ਼ਰ ਮਾੜਾ ਹੀ ਹੋਇਆ। ਇਤਿਹਾਸ ਗਵਾਹ ਹੈ ਕਿ ਅਜਿਹੀ ਕਿਸੇ ਵੀ ਇਨਸਾਨ ਦੀ ਮਨਸ਼ਾ ਅੱਜ ਤੱਕ ਪੂਰੀ ਨਹੀਂ ਹੋਈ ਤੇ ਨਾ ਹੀ ਅੱਗੋਂ ਹੋਵੇਗੀ।

ਜੇ ਸਰਕਾਰ ਦਰਬਾਰ ਸਾਹਿਬ ਅੰਦਰੋਂ ਖਾੜਕੂਆਂ ਨੂੰ ਬਾਹਰ ਕੱਢਣਾ ਚਾਹੁੰਦੀ ਸੀ ਤਾਂ ਹੋਰ ਵੀ ਕਈ ਤਰੀਕੇ ਸਨ, ਜਿਨ੍ਹਾਂ ਨਾਲ ਖਾੜਕੂਆਂ ਨੂੰ ਮਜ਼ਬੂਰ ਕੀਤਾ ਜਾ ਸਕਦਾ ਸੀ ਤਾਂ ਕਿ ਉਹ ਆਪ ਹੀ ਬਾਹਰ ਆ ਜਾਂਦੇ। ਇਸ ਤਰ੍ਹਾਂ ਹਜ਼ਾਰਾਂ ਨਿਹੱਥੇ ਨਿਰਦੋਸ਼ਾਂ ਦੀਆਂ ਜਾਨਾਂ ਬਚਾਈਆਂ ਜਾ ਸਕਦੀਆਂ ਸਨ। ਪਿੱਛੇ ਜਿਹੇ 'ਹਜ਼ਰਤਬਲ ਕਾਂਡ' ਵੇਲੇ ਕੁਝ ਇਵੇਂ ਹੀ ਹੋਇਆ। ਫੌਜ ਨੇ ਕਈ ਹਫਤੇ ਹਜ਼ਰਤਬਲ ਦਰਗਾਹ ਨੂੰ ਘੇਰਾ ਪਾਈ ਰੱਖਿਆ ਅਤੇ ਅੰਦਰ ਲੁਕੇ ਖਾੜਕੂਆਂ ਨੂੰ ਮਜਬੂਰ ਕਰ ਦਿੱਤਾ ਕਿ ਜੇ ਉਹ ਬਾਹਰ ਨਾ ਆਏ ਤਾਂ ਉਹ ਉਹਨਾਂ ਦਾ ਰੋਟੀ-ਪਾਣੀ ਬੰਦ ਕਰ ਦੇਣਗੇ। ਪਰ ਘੱਲੂਘਾਰੇ ਵੇਲੇ ਇਹ ਤਾਂ ਹੁੰਦਾ ਜੇ ਸਰਕਾਰ ਨੇ ਕਰਨਾ ਹੁੰਦਾ।

1975 ਵਿਚ ਇੰਦਰਾ ਗਾਂਧੀ ਦੀ ਚੋਣ ਅਯੋਗ ਕਰਾਰ ਦਿੱਤੀ ਗਈ ਤਾਂ ਉਸ ਨੂੰ ਗੱਦੀ ਆਪਣੇ ਹੱਥੋਂ ਖਿਸਕਦੀ ਦਿਖਾਈ ਦੇਣ ਲੱਗੀ ਤੇ ਉਸ ਨੇ ਇਸ ਕੁਰਸੀ ਨੂੰ ਬਚਾਉਣ ਖਾਤਰ ਸਾਰੇ ਦੇਸ਼ ਵਿਚ ਐਮਰਜੈਂਸੀ ਲਗਾ ਦਿੱਤੀ। ਸਾਰੇ ਵੱਡੇ ਲੀਡਰ ਜ਼ੇਲ੍ਹਾਂ ਵਿਚ ਤੁੰਨ ਦਿੱਤੇ ਗਏ। ਕਿਸੇ ਵੀ ਇੰਦਰਾ ਗਾਂਧੀ ਦਾ ਵਿਰੋਧ ਕਰਨ ਦੀ ਹਿੰਮਤ ਨਹੀਂ ਸੀ। ਉਹ ਆਪਣੇ ਤਰੀਕੇ ਨਾਲ ਹਕੂਮਤ ਚਲਾਉਣਾ ਚਾਹੁੰਦੀ ਸੀ। ਪਰ ਅਕਾਲੀਆਂ ਨੇ ਇਸ ਐਮਰਜੈਂਸੀ ਦਾ ਵਿਰੋਧ ਕੀਤਾ ਤੇ ਇਸ ਵਿਰੁੱਧ ਮੋਰਚਾ ਲਗਾ ਦਿੱਤਾ। ਫਤਿਹ ਅਕਾਲੀਆਂ ਦੀ ਹੋਈ ਤੇ ਇੰਦਰਾ ਗਾਂਧੀ ਨੂੰ ਐਮਰਜੈਂਸੀ ਹਟਾਉਣੀ ਪਈ ਪਰ ਉਸ ਨੇ ਸਿੱਖਾਂ ਦਾ ਬਦਲਾ ਲੈਣ ਦੀ ਧਾਰ ਲਈ ਤੇ ਉਨ੍ਹਾਂ ਨੂੰ ਸਬਕ ਸਿਖਾਉਣ ਦਾ ਉਸ ਦਾ ਮਕਸਦ ਉਦੋਂ ਪੂਰਾ ਹੋਇਆ ਜਦੋਂ ਉਸ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਢਹਿ-ਢੇਰੀ ਕਰ ਦਿੱਤੀ। ਇੰਦਰਾ ਗਾਂਧੀ ਦੀ ਮਨਸ਼ਾ ਪੂਰੀ ਹੋ ਗਈ ਪਰ ਸਿੱਖਾਂ ਦੇ ਹਿਰਦੇ-ਵਲੂੰਧਰੇ ਗਏ। ਉਨ੍ਹਾਂ ਦੇ ਦਿਲ ਛਲਣੀ-ਛਲਣੀ ਹੋ ਗਏ। ਉਨ੍ਹਾਂ ਦੇ ਮਨਾਂ 'ਤੇ ਇਕ ਨਾ ਪੂਰਿਆਂ ਜਾ ਸਕਣ ਵਾਲਾ ਜ਼ਖ਼ਮ ਬਣ ਗਿਆ। ਇਸ ਘਟਨਾ ਕਾਰਨ ਇਕ ਤੂਫ਼ਾਨ ਖੜ੍ਹਾ ਹੋ ਗਿਆ। ਹਿੰਦੁਸਤਾਨ ਵਿਚ ਥਾਂ-ਥਾਂ 'ਤੇ ਦਹਿਸ਼ਤਵਾਦ ਨੇ ਸਿਰ ਚੁੱਕ ਲਿਆ ਅਤੇ ਇੰਦਰਾ ਗਾਂਧੀ ਤੇ ਰਾਜੀਵ ਗਾਂਧੀ ਇਸੇ ਆਪੇ ਪੈਦਾ ਕੀਤੇ ਅੱਤਵਾਦ ਦਾ ਭੇਟ ਚੜ੍ਹ ਗਏ। ਇਸ ਤੂਫ਼ਾਨ ਦਾ ਸਭ ਤੋਂ ਜ਼ਿਆਦਾ ਨੁਕਸਾਨ ਵੀ ਪੰਜਾਬ ਤੇ ਖਾਸ ਕਰ ਕੇ ਸਿੱਖਾਂ ਨੂੰ ਹੋਇਆ। ਕਈ ਵਰ੍ਹੇ ਅਸ਼ਾਂਤੀ ਦੀ ਭੱਠੀ ਵਿਚ ਪਿਆ ਰਿਹਾ। ਅੱਜ ਤੱਕ ਵੀ ਸਾਕਾ ਨੀਲਾ ਤਾਰਾ ਕਾਰਨ ਛਲਣੀ-ਛਲਣੀ ਹੋਈ ਸਿੱਖ ਮਾਨਸਿਕਤਾ ਨੂੰ ਰਾਹਤ ਪਹੁੰਚਾਉਣ ਲਈ ਕੋਈ ਯਤਨ ਨਹੀਂ ਕੀਤੇ ਗਏ।



www.AKJ.Org

# ਸਾਕਾ ਨੀਲਾ ਤਾਰਾ ਦੀਆਂ ਕੌੜੀਆਂ ਯਾਦਾਂ

(ਸੁ: ਦਲਬੀਰ ਸਿੰਘ)

ਅਸੀਂ ਸਾਰੇ ਸ਼ਾਇਦ ਇਨ੍ਹਾਂ ਹਕੀਕਤਾਂ ਤੋਂ ਭਲੀ ਭਾਂਤ ਜਾਣੂ ਨਾ ਹੋਈਏ ਕਿ 'ਸਾਕਾ ਨੀਲਾ ਤਾਰਾ' ਇੰਦਰਾ ਗਾਂਧੀ ਦੀ ਨਿੱਜੀ ਬਦਲਾ-ਲਊ ਸੋਚ ਦਾ ਫਲ ਸੀ। ਉਹ ਇਨ੍ਹਾਂ ਦਿਨਾਂ ਵਿਚ ਦੂਹਰੇ ਦਬਾਅ ਵਿਚ ਵਿਚਰ ਰਹੀ ਸੀ। ਇਕ ਪਾਸੇ ਉਸ ਉਤੇ ਸੋਵੀਅਤ ਯੂਨੀਅਨ ਦਾ ਦਬਾਅ ਸੀ ਕਿਉਂਕਿ ਉਹ ਇਹ ਘਟਨਾ-ਕ੍ਰਮ ਦੇ ਸਿੱਟੇ ਵਜੋਂ ਅਫ਼ਗਾਨਿਸਤਾਨ ਵਿਚ ਆਪਣੀਆਂ ਫ਼ੌਜਾਂ 'ਤੇ ਪਾਕਿਸਤਾਨ ਦਾ ਦਬਾਅ ਘਟਾਉਣਾ ਚਾਹੁੰਦੇ ਸਨ; ਇਸ ਲਈ ਪਾਕਿਸਤਾਨ ਦੀ ਤਵੱਜੋਂ ਭਾਰਤੀ ਬਾਰਡਰ ਵੱਲ ਕੇਂਦਰਤ ਕਰਵਾਉਣਾ ਚਾਹੁੰਦੇ ਸਨ। ਇਹ ਘਾੜਤ ਕੇ. ਜੀ. ਬੀ. ਦੀ ਸੀ। ਦੂਜੇ ਪਾਸੇ ੨੭ ਮਈ 1984 ਨੂੰ ਇੰਦਰਾ ਗਾਂਧੀ ਸਿੱਖਾਂ ਦੀ ਲੰਬੀ ਲੋਕਤੰਤਰੀ ਜੱਦੋ-ਜਹਿਦ ਦੇ ਦਬਾਅ ਅਧੀਨ ਉਹਨਾਂ ਦੀਆਂ ਮੰਗਾਂ ਮੰਨਣ ਦਾ ਮਨ ਬਣਾ ਚੁੱਕੀ ਸੀ ਪਰ ਅਰੁਣ ਨਹਿਰੂ ਤੇ ਕੇ. ਜੀ. ਬੀ. ਇਕਸੁਰ ਸਨ। ਇਸ ਲਈ ਉਹਨਾਂ ਦੇ ਦਬਾਅ ਅੱਗੇ ਇੰਦਰਾ ਗਾਂਧੀ ਝੁਕ ਗਈ। ਸਿੱਟੇ ਵਜੋਂ ਪੰਜਾਬ-ਭਾਰਤ ਤੇ ਪਾਕਿਸਤਾਨ ਦਾ ਸਮੁੱਚਾ ਰਾਜਨੀਤਕ ਦ੍ਰਿਸ਼ ਹੀ ਤਬਦੀਲ ਹੋ ਗਿਆ। ਸਾਰੇ ਦੇਸ਼ ਦੀ ਫ਼ਿਜ਼ਾ ਤੇ ਕੈਫ਼ੀਅਤ ਬਦਲ ਗਈ ਤੇ ਪਾਕਿਸਤਾਨ ਦੀ ਤਵੱਜੋਂ ਵੀ ਵੰਡੀ ਗਈ।

ਜਨਰਲ ਕੇ. ਐਸ. ਬਰਾੜ ਨੇ ਆਪਣੀ ਪੁਸਤਕ ਵਿਚ ਲਿਖਿਆ ਹੈ ਕਿ ਅਸੀਂ ਗੁੱਸੇ ਵਿਚ ਨਹੀਂ ਸਗੋਂ ਬੜੀ ਨਿਮਰਤਾ ਨਾਲ ਅਰਦਾਸ ਕਰਦੇ ਹੋਏ ਕੰਪਲੈਕਸ ਵਿਚ ਦਾਖਲ ਹੋਏ। ਪਰ ਫ਼ੌਜੀਆਂ ਦੀਆਂ ਕਾਰਵਾਈਆਂ, ਫ਼ੌਜੀਆਂ ਦੀਆ ਅੰਦਰੂਨੀ ਟਿੱਪਣੀਆਂ, ਫੋਟੋ ਰਿਪੋਰਟਾ ਅਤੇ ਅੰਨੇਵਾਹ ਕੀਤੇ ਕਤਲੇਆਮ, ਦੁਰਵਿਹਾਰ, ਅਣਮਨੁੱਖੀ ਤਸ਼ੱਦਦ, ਬੇਹੁਰਮਤੀ ਤੇ ਬਦਜ਼ੁਬਾਨੀ ਨੇ ਕੋਈ ਕਸਰ ਨਹੀਂ ਸੀ ਛੱਡੀ। ਬਰਾੜ, ਇਹ ਵੀ ਮੰਨਦਾ ਹੈ ਕਿ ਸ੍ਰੀ ਹਰਿਮੰਦਰ ਸਾਹਿਬ ਨੂੰ ਜੋ ਨੁਕਸਾਨ ਪੁੱਜਾ, ਉਹ ਰੋਕਿਆ ਜਾ ਸਕਦਾ ਸੀ। ਹੁਣ ਇਹ ਲਿਖਣ ਦਾ ਕੀ ਫਾਇਦਾ? ਜਦੋਂ ਉਹ ਆਪਣੀ ਨਾ-ਅਹਿਲੀਅਤ ਦਾ ਪਹਿਲਾਂ ਹੀ ਪ੍ਰਦਰਸ਼ਨ ਕਰ ਚੁੱਕਾ ਸੀ।

ਉਹ ਲਿਖਦਾ ਹੈ ਕਿ ਫ਼ੌਜ ਦੀ ਸਪੈਸ਼ਲ ਵਲੰਟੀਅਰ ਫੋਰਸ ਇਕ ਪੈਰਾ-ਮਿਲਟਰੀ ਫੋਰਸ ਕੇਂਦਰ ਸਰਕਾਰ ਦੇ ਕੈਬਨਿਟ ਸਕੱਤਰੇਤ ਦੇ ਸਿੱਧੇ ਅਧਿਕਾਰ ਵਿਚ ਕੰਮ ਕਰ ਰਹੀ ਸੀ। ਇਹ ਇਕ ਸਰਬ ਪ੍ਰਵਾਨਿਤ ਸੱਚ ਹੈ ਕਿ ਫੌਜ ਜਾਣ ਬੁੱਝ ਕੇ ਵਿਉਂਤੀ ਹੋਈ ਰਾਜਨੀਤਕ ਸਾਜ਼ਿਸ ਤਹਿਤ ਵਰਤੀ ਗਈ। ਉਸ ਵੇਲੇ ਨਰਸਿਮ੍ਹਾ ਰਾਓ ਗ੍ਰਹਿ ਮੰਤਰੀ ਸੀ। ਉਹੋ ਨਰਸਿਮ੍ਹਾ ਰਾਓ ਪ੍ਰਧਾਨ ਮੰਤਰੀ ਬਣਨ 'ਤੇ ਫ਼ੌਜ ਨੂੰ ਬਾਬਰੀ ਮਸਜਿਦ ਬਚਾਉਣ ਲਈ ਨਹੀਂ ਵਰਤ ਸਕਿਆ ਕਿਉਂਕਿ ਉਹ ਤਾਂ ਇਸ ਘਟਨਾ ਤੋਂ ਸਿੱਧਾ ਹੀ ਲਾਹਾ ਲੈ ਕੇ ਦਿੱਲੀ ਦੇ ਰਾਜਨੀਤਕ-ਭੂਗੋਲ ਲਈ ਨਵੇਂ ਸਮੀਕਰਣ ਬਣਾਉਣਾ ਚਾਹੁੰਦਾ ਸੀ।

ਜਦੋਂ ਇਸ ਸੰਤਾਪ ਦਾ ਘਟਨਾਕ੍ਰਮ ਚਲ ਰਿਹਾ ਸੀ ਤਾਂ ਕੁਝ ਲੋਕਾਂ ਨੇ ਫੌਜੀਆਂ ਨੂੰ ਲੱਡੂ ਤੇ ਕੜਾਹ ਪੂੜੀਆਂ ਨਾਲ ਨਿਵਾਜਿਆ। ਜਦੋਂ ਇਹ ਘਟਨਾਵਾਂ ਜਨਰਲ ਜਾਮਵਾਲ ਦੇ ਨੋਟਿਸ ਵਿਚ ਲਿਆਂਦੀਆਂ ਤਾਂ ਉਸ ਦੀ ਦਖਲ-ਅੰਦਾਜ਼ੀ ਨਾਲ ਇਹ ਡਰਾਮਾ ਖਤਮ ਹੋਇਆ। ਜਨਰਲ ਜਾਮਵਾਲ ਨੂੰ ਉਪਰੇਸ਼ਨ ਬਲਿਊ ਸਟਾਰ ਲਈ ਚੁਣਿਆ ਗਿਆ ਸੀ ਪਰ ਉਹ ਬਾਰਡਰ ਦੀ, ਇਨ੍ਹਾਂ ਸਥਿਤੀਆਂ ਵਿਚ ਸਾਂਭ-ਸੰਭਾਲ ਕਰਨ ਦਾ ਤਰਕ ਦੇ ਕੇ ਤਿਲਕ ਗਏ।

ਪੰਜਾਬ ਦੇ ਇਤਿਹਾਸ ਦੇ ਬਹੁਤੇ ਪੰਨੇ ਮਨੁੱਖੀ ਖ਼ੂਨ ਦੀਆਂ ਛਿੱਟਾਂ ਨਾਲ ਸੁਰਖ਼ ਹੋਏ ਪਏ ਹਨ ਅਤੇ ਇਸ ਸੁਰਖ਼ੀ ਵਿਚ ਵੱਡਾ ਹਿੱਸਾ ਸਿੱਖਾਂ ਦਾ ਹੈ, ਜਿਨ੍ਹਾਂ ਦੇ ਗੁਰੂ ਵੀ ਕੁਰਬਾਨੀ ਦੇ ਪੁੰਜ ਸਨ। ਧਾੜਵੀਆਂ, ਹਮਲਾਵਾਰਾਂ ਤੇ ਬਦੇਸ਼ੀਆ ਵਲੋਂ ਪੰਜਾਬ ਨੂੰ ਲੁੱਟਣ, ਕੁੱਟਣ ਤੇ ਪਾਮਾਲ ਕਰਨ ਦੀਆਂ ਸੈਂਕੜੇ ਘਟਨਾਵਾਂ ਤੇ ਕਿੱਸੇ-ਦਾਸਤਾਨਾਂ ਹਨ ਪਰ ਅਫ਼ਸੋਸ ਇਹ ਹੈ ਕਿ 1984 ਵਿਚ ਪਹਿਲੀ ਵਾਰ, ਦੇਸ਼ ਦੀ ਆਪਣੀ ਸਰਕਾਰ ਨੇ ਆਪਣੇ ਨਾਗਰਿਕਾਂ 'ਤੇ ਤੋਪਾਂ ਤੇ ਟੈਂਕਾ ਨਾਲ ਹਮਲਾਵਾਰ ਹੁੰਦੇ ਹੋਏ, ਬੇਦੋਸ਼ਿਆਂ ਤੇ ਸ਼ਰਧਾਲੂਆਂ ਨੂੰ ਵੀ ਨਿਕਲਣ ਦਾ ਮੌਕਾ ਨਹੀਂ ਦਿੱਤਾ। ਕਲ੍ਹ ਨੂੰ ਇਤਿਹਾਸ ਤੇ ਇਤਿਹਾਸਕਾਰ, ਇਸ ਸਾਕੇ ਦੀ ਇਤਿਹਾਸਕਾਰੀ ਕਿਸੇ ਤਰ੍ਹਾਂ ਵੀ ਕਰਨ ਪਰ ਉਹ ਇਹ ਗੱਲ ਕਦੇ ਨਹੀਂ ਭੁੱਲਣਗੇ ਕਿ ਇਹ ਦੁਨੀਆਂ ਦੀ ਸਭ ਤੋਂ ਵੱਡੀ ਜਮਹੂਰੀਅਤ ਨੇ ਲੋਕਤੰਤਰੀ ਰਵਾਇਤਾਂ, ਸਿਧਾਂਤਾਂ, ਜਮਹੂਰੀ ਫਲਸਫੇ ਅਤੇ ਬੁਨਿਆਦੀ ਹੱਕਾਂ ਦੀਆਂ ਉਹ ਧੱਜੀਆਂ



www.AKJ.Org

ਉਡਾਈਆਂ, ਜਿਸ ਦੀ ਆਧੁਨਿਕ ਜਮਹੂਰੀ ਤਵਾਰੀਖ ਵਿਚ ਇਕ ਵੀ ਮਿਸਾਲ ਨਹੀਂ ਮਿਲਦੀ। ਅਫਸੋਸ, ਇਹ ਹੈ ਕਿ ਸਾਰੇ ਦੇਸ਼ ਨੇ ਅੱਜ ਡੇਢ ਦਹਾਕਾ ਬੀਤ ਜਾਣ 'ਤੇ ਵੀ, ਆਪਣੀ ਇਸ ਵਹਿਸ਼ੀ ਕਾਰਵਾਈ 'ਤੇ ਅਫ਼ਸੋਸ ਪ੍ਰਗਟ ਨਹੀਂ ਕੀਤਾ। ਕੀ ਜਮਹੂਰੀ ਕਦਰਾਂ-ਕੀਮਤਾਂ ਤੇ ਚਰਿਤਰ ਅਜਿਹੇ ਹੁੰਦੇ ਹਨ?

ਮੈਨੂੰ ਅੱਜ ਵੀ ਯਾਦ ਕਰ ਕੇ ਕੰਬਣੀ ਆ ਜਾਂਦੀ ਹੈ ਕਿ ਮਿਊਸਪਲ ਕਮੇਟੀ ਦੀਆਂ ਕੂੜਾ ਢੋਣ ਵਾਲੀਆਂ ਗੱਡੀਆਂ ਵਿਚ ਬੇਕਸੂਰ ਸਿੱਖਾਂ ਦੀਆਂ ਲਾਸ਼ਾਂ ਬੋਰੀਆਂ ਵਾਂਗ ਸੁੱਟ ਕੇ ਢੋਈਆਂ ਜਾ ਰਹੀਆਂ ਸਨ; ਇਸ ਸੰਕਟ ਦਾ ਸਿਖਰ ਦੇਖੋ ਕਿ ਲਾਸ਼ਾਂ ਜੂਨ ਦੀ ਅਤਿ ਦੀ ਗਰਮੀ ਵਿਚ ਅੰਦਰ ਝੁਲਸਦੀਆਂ ਰਹੀਆਂ। ਉਹ ਏਨੀਆ ਬੋ ਮਾਰ ਰਹੀਆ ਸਨ ਕਿ ਕੂੜਾ ਢੋਣ ਵਾਲੇ ਕਰਮਚਾਰੀਆਂ ਨੇ ਵੀ ਚੁੱਕਣ ਤੋਂ ਇਨਕਾਰ ਕਰ ਦਿੱਤਾ। ਉਸ ਵੇਲੇ ਦੇ ਜਿਲ੍ਹਾਂ ਪ੍ਰਸ਼ਾਸ਼ਨ ਨੇ ਵਿਹਾਰਕ ਤਰਕ ਤਲਾਸ਼ ਕਰਦੇ ਹੋਏ, ਕੂੜਾ ਢੋਣ ਵਾਲਿਆ ਨੂੰ ਲਾਸ਼ਾ ਵਿਚੋਂ ਪ੍ਰਾਪਤ ਹੋਣ ਵਾਲੀ ਨਕਦੀ, ਸ਼ਾਪਾਂ-ਛੱਲੇ, ਕੜੇ ਤੇ ਘੜੀਆਂ ਆਪਣੇ ਕੋਲ ਰੱਖਣ ਦੀ ਖੁੱਲ੍ਹ ਦੇ ਦਿੱਤੀ। ਇੰਝ ਹੋਇਆ ਕਿ ਜਮਹੂਰੀ ਸਰਕਾਰ ਨੇ ਨਿਰਦੋਸ਼ ਸਿੱਖਾਂ ਦਾ ਕਤਲੇਆਮ ਕੀਤਾ, ਫੇਰ ਉਨ੍ਹਾਂ ਦੀਆਂ ਲਾਸ਼ਾਂ ਰੋਲੀਆਂ ਗਈਆਂ, ਬੇਅਦਬੀ ਕੀਤੀ ਗਈ ਅਤੇ ਲਾਸ਼ਾ ਲੁੱਟੀਆ ਵੀ ਗਈਆਂ। ਇਹ ਦੁੱਖਦਾਈ ਕਾਂਡ ਇੱਥੇ ਹੀ ਸਮਾਪਤ ਨਹੀਂ ਹੋਇਆ ਸਗੋਂ ਇਨ੍ਹਾਂ ਲਾਸ਼ਾਂ ਦੀ ਕਾਇਦੇ ਅਨੁਸਾਰ ਸ਼ਨਾਖਤ ਤੇ ਰਿਕਾਰਡ ਵੀ ਤਿਆਰ ਨਾ ਹੋ ਸਕਿਆ। ਉਨ੍ਹਾ ਨਿਰਦੋਸ਼ਾ ਦਾ ਕਸੂਰ ਇਹ ਸੀ ਕਿ ਉਹ ਸ਼ਹੀਦੀ ਗੁਰਪੁਰਬ 'ਤੇ ਗੁਰੂ ਘਰ ਦੇ ਸ਼ਰਧਾਲੂਆਂ ਵਜੋਂ ਹਾਜ਼ਰ ਹੋਏ ਸਨ। ਜਿਊਂਦੇ ਜੀ ਕੁੱਟ, ਲੁੱਟ ਤੇ ਗੋਲੀ, ਮੋਇਆਂ ਦੀਆਂ ਲਾਸ਼ਾਂ ਦੀ ਵੀ ਲੁੱਟ। ਜ਼ਬਰਦਸਤੀ ਕੈਦੀ ਬਣਾਏ ਗਏ। ਲੋਕਾਂ ਨੂੰ ਪੀਣ ਨੂੰ ਪਾਣੀ ਵੀ ਨਹੀ ਮਿਲਿਆ, ਜਿਸ ਸਦਕਾ ਪੰਜ ਨੰਬਰ ਹਾਲ ਵਿਚ ਪੈਂਤੀ ਆਦਮੀਆਂ ਵਿਚੋਂ 31 ਆਦਮੀ ਪਿਆਸ ਨਾਲ ਤੜਫ-ਤੜਫ ਕੇ ਮਰ ਗਏ।

ਇਕ 65 ਸਾਲਾ ਦਾ ਬਜ਼ੁਰਗ ਸਿੱਖ ਪਾਣੀ ਲਈ ਤੜਫ ਰਿਹਾ ਸੀ। ਉਸ ਨੇ ਇਕ ਫ਼ੌਜੀ ਨੂੰ ਕਿਹਾ 'ਸਾਹਿਬ ਏਕ ਘੁੱਟ ਪਾਣੀ ਲੇ ਲੂ' ਅੱਗੋਂ ਉਹ ਫੌਜੀ ਬਹੁਤ ਬੁਰੀ ਤਰ੍ਹਾਂ ਬੋਲਿਆ,'ਪਾਣੀ ਨਹੀਂ ਮਿਲੇਗਾ। ਸਾਲਾ ਪਾਣੀ ਮਾਂਗਤਾ ਹੈ, ਪਹਿਲੇ ਕਹਤੇ ਥੇ ਹਰਿਆਣੇ ਕੋ ਪਾਣੀ ਨਹੀਂ ਦੇਂਗੇ, ਰਾਜਸਥਾਨ ਕੋ ਪਾਣੀ ਨਹੀਂ ਦੇਂਗੇ......। ਅਬ ਤੁਮ ਕੋ ਪੀਨੇ ਕੇ ਲੀਏ ਪਾਣੀ ਨਹੀਂ ਮਿਲੇਗਾ।' ਇਹ ਵਾਕ ਸੰਕੇਤ ਕਰਦੇ ਹਨ ਕਿ ਫ਼ੌਜ ਕਿਸ ਰਾਜਨੀਤਕ ਮਾਨਸਿਕਤਾ ਦਾ ਪ੍ਰਦਰਸ਼ਨ ਕਰ ਰਹੀ ਸੀ, ਫ਼ੌਜੀ ਕਿੜਾਂ ਕੱਢ ਰਹੇ ਸਨ।

ਇਕ ਸ਼ਹੀਦ ਹੋ ਚੁੱਕੀ ਨੌਜਵਾਨ ਔਰਤ ਦੀ ਛਾਤੀ 'ਤੇ ਉਸ ਦਾ ਡੇਢ ਕੁ ਸਾਲ ਦਾ ਜ਼ਖ਼ਮੀ ਬੱਚਾ ਪਿਆ ਸੀ। ਇਕ ਰਸਤਾ ਸਾਫ਼ ਕਰਦੇ ਫ਼ੌਜੀ ਨੇ ਉਸ ਔਰਤ ਨੂੰ ਜਦ ਲੱਤ ਤੋਂ ਫੜ ਕੇ ਘਸੀਟਿਆ ਤਾ ਬੱਚਾ ਇਕ ਪਾਸੇ ਲੁੜਕ ਗਿਆ। ਇਕ ਹੋਰ ਫ਼ੌਜੀ ਨੇ ਉਸ ਬੱਚੇ ਨੂੰ ਲੱਤੋਂ ਫੜ ਕੇ ਇਉਂ ਵਗਾਹ ਕੇ ਲਾਸ਼ਾਂ ਦੇ ਢੇਰ ਉਪਰ ਮਾਰਿਆ ਜਿਵੇਂ ਬੱਚੇ ਮਰਿਆ ਚੂਹਾ ਬਾਹਰ ਸੁੱਟਦੇ ਹਨ। ਇਹ ਵਿਹਾਰ ਇਸ ਗੱਲ ਦਾ ਸੰਕੇਤ ਕਰਦਾ ਹੈ ਕਿ ਫ਼ੌਜੀ ਕਿੰਨੇ ਵਹਿਸ਼ੀ ਤੇ ਅਤਾਰਕਿਕ ਹੋ ਕੇ ਆਪਣੀਆਂ ਸੀਮਾਵਾਂ ਉਲੰਘ ਕੇ ਅਮਾਨਵੀ ਪ੍ਰਦਰਸ਼ਨ ਨਾਲ ਜੁੜੇ ਹੋਏ ਸਨ।

ਬਲਿਊ ਸਟਾਰ ਓਪਰੇਸ਼ਨ ਤੋਂ ਬਾਅਦ ਇਕ ਨਵੀਂ ਸਥਿਤੀ ਪੈਦਾ ਹੋ ਗਈ ਕਿ ਹਰ ਨੇਤਾ, ਕੌਮ ਦੀ ਅਗਵਾਈ ਅਤੇ ਲੀਡਰਸ਼ਿਪ ਸਿੰਘ ਸਾਹਿਬਾਨ ਨੂੰ ਸੌਂਪਣ ਲਈ ਤਿਆਰ ਸੀ। ਉਹ ਚਾਹੁੰਦੇ ਸਨ ਕਿ ਮੁੱਖ ਆਗੂਆਂ ਦੀ ਗੈਰਹਾਜ਼ਰੀ ਵਿਚ ਉਹ ਪੰਥ ਦੀ ਵਾਗਡੋਰ ਸੰਭਾਲਣ। ਇਸੇ ਸਬੰਧ ਵਿਚ ਮੈਂ ਸ: ਆਤਮਾ ਸਿੰਘ ਨੂੰ ਅੰਮ੍ਰਿਤਸਰ ਜੇਲ੍ਹ ਵਿਚ ਮਿਲਣ ਗਿਆ। ਉਨ੍ਹਾਂ ਕਿਹਾ ਕਿ ਕਿਸੇ ਵੀ ਤਰੀਕੇ ਨਾਲ ਪ੍ਰਬੰਧ ਸਿੱਖਾ ਨੂੰ ਆਪਣੇ ਹੱਥ ਵਿਚ ਲੈਣਾ ਚਾਹੀਦਾ ਹੈ ਅਤੇ ਸਿੰਘ ਸਾਹਿਬ ਨੂੰ ਇਸ ਬਿਖੜੀ ਘੜੀ ਅਗਵਾਈ ਦੇਣੀ ਚਾਹੀਦੀ ਹੈ। ਭਾਵੇਂ ਪ੍ਰਕਾਸ਼ ਸਿੰਘ ਮਜੀਠਾ ਉਸ ਵੇਲੇ ਅਕਾਲੀਆਂ ਦੀ ਨੁਮਾਇੰਦਗੀ ਕਰਦੇ ਸਨ ਪਰ ਉਨ੍ਹਾਂ ਦਿਨਾਂ ਵਿਚ ਅਕਾਲੀਆਂ ਦੀ ਭਰੋਸੇਯੋਗਤਾ ਖ਼ਤਮ ਹੋ ਚੁੱਕੀ ਸੀ। ਸਿਰਫ ਮਾਸਟਰ ਤਾਰਾ ਸਿੰਘ ਦੀ ਬੇਟੀ ਬੀਬੀ ਰਜਿੰਦਰ ਕੌਰ ਸੀ, ਜਿਸ ਨੇ ਸਖ਼ਤ ਸ਼ਬਦਾਂ ਵਿਚ ਬਿਆਨਬਾਜ਼ੀ ਹੀ ਨਹੀਂ ਕੀਤੀ ਸਗੋਂ ਅਸਲੀ ਅਕਾਲੀਆਂ ਵਾਲੇ ਜੋਸ਼ੀਲੇ ਚਰਿੱਤਰ ਦਾ ਪ੍ਰਦਰਸ਼ਨ ਵੀ ਕੀਤਾ।

ਭਾਰਤ ਸਰਕਾਰ ਇਸ ਗੱਲੋਂ ਚਿੰਤਤ ਸੀ ਕਿ ਜੇ ਹੁਣ ਸਿੱਖਾਂ ਨੂੰ ਕੰਟਰੋਲ ਦੇ ਦਿੱਤਾ ਤਾਂ ਉਹ ਕਿਤੇ



www.AKJ.Org

ਢੱਠੇ ਹੋਏ ਅਕਾਲ ਤਖ਼ਤ ਨੂੰ ਜਿਉਂ ਦਾ ਤਿਉਂ ਨਾ ਸੰਭਾਲ ਲੈਣ; ਇਸ ਦੇ ਦੂਰ ਰਸ ਤੇ ਇਤਿਹਾਸਕ ਰਾਜਨੀਤਕ ਦ੍ਰਿਸ਼ਟੀ ਤੋਂ ਹਾਨੀਕਾਰਕ ਸਿੱਟੇ ਨਿਕਲ ਸਕਦੇ ਸਨ। ਏਸੇ ਲਈ ਇੰਦਰਾ ਗਾਂਧੀ ਇਸ ਨੂੰ ਤੁਰੰਤ ਮੁਰੰਮਤ ਕਰਵਾ ਕੇ ਸਿੱਖਾਂ ਸਪੁਰਦ ਕਰਨਾ ਚਾਹੁੰਦੀ ਸੀ।

੭ ਜੁਲਾਈ ਨੂੰ ਫ਼ੌਜੀ ਜਰਨੈਲਾ ਵੱਲੋਂ ਮੇਰੇ ਨਾਲ ਸੰਪਰਕ ਕੀਤਾ ਗਿਆ ਕਿ ਜਨਰਲ ਟੀ. ਐਸ. ਉਬਰਾਏ ਜੋ ਉਨ੍ਹਾਂ ਦਿਨਾਂ ਵਿਚ ਜਨਰਲ ਵੈਦਿਆ ਦੀ ਗ਼ੈਰ ਹਾਜ਼ਰੀ ਵਿਚ ਕਮਾਂਡਰ ਇਨ ਚੀਫ਼ ਸਨ, ਅੰਮ੍ਰਿਤਸਰ ਆ ਰਹੇ ਹਨ ਅਤੇ ਹਰਮਿੰਦਰ ਸ੍ਹਾਹਿਬ ਦਾ ਪ੍ਰਬੰਧ ਸਿੱਖਾਂ ਨੂੰ ਸੌਂਪਿਆ ਜਾ ਸਕਦਾ ਹੈ। ਇਹ ਬੜੀ ਹੌਂਸਲਾ ਅਫ਼ਜ਼ਾਈ ਵਾਲੀ ਖ਼ਬਰ ਸੀ। ਮੈਂ ਸ: ਰਜਿੰਦਰ ਸਿੰਘ ਧਾਲੀਵਾਲ, ਪ੍ਰਕਾਸ਼ ਸਿੰਘ ਮਜੀਠਾ ਅਤੇ ਸ੍ਰ: ਭਾਨ ਸਿੰਘ ਨਾਲ ਮੁਲਾਕਾਤਾਂ ਕੀਤੀਆਂ। ਫਿਰ ਅਸੀਂ ਸਿੰਘ ਸਾਹਿਬ ਭਾਈ ਕਿਰਪਾਲ ਸਿੰਘ ਹੋਰਾਂ ਨੂੰ ਮਿਲੇ। ਉਨ੍ਹਾਂ ਕਿਹਾ ਕਿ ਮੀਟਿੰਗ ਹੋ ਸਕਦੀ ਹੈ ਪਰ ਮੀਟਿੰਗ ਗੁਰੂ ਰਾਮਦਾਸ ਹਸਪਤਾਲ ਵਿਚ ਹੀ ਹੋਵੇਗੀ। 16 ਜੁਲਾਈ ਨੂੰ ਜਨਰਲ ਤੇ ਸਿੱਖ ਲੀਡਰਾਂ ਦੇ ਦਰਮਿਆਨ ਇਕ ਲੰਬੀ ਮੀਟਿੰਗ ਹੋਈ, ਪਰ ਇਸ ਦੌਰਾਨ ਹੀ ਇੰਦਰਾ ਗਾਂਧੀ ਨੇ ਜਨਰਲ ਉਬਰਾਏ ਨੂੰ ਦਿੱਤੇ ਗੱਲਬਾਤ ਦੇ ਅਧਿਕਾਰ ਵਾਪਸ ਲੈ ਲਏ ਅਤੇ ਜਨਰਲ ਉਬਰਾਏ ਦੀ ਪੁਜ਼ੀਸ਼ਨ ਹਾਸੋਹੀਣੀ ਹੀ ਨਹੀਂ ਬਣੀ ਸੀ ਸਗੋਂ ਕੱਖੋਂ ਹੌਲੇ ਹੋ ਗਏ। ਸ: ਅਬਨਾਸ਼ੀ ਸਿੰਘ ਨੇ ਆਪਣੇ ਸੂਤਰਾਂ ਤੋਂ ਪਤਾ ਕੀਤਾ ਕਿ ਅਰੁਣ ਸਿੰਘ ਨੇ ਜਨਰਲ ਉਬਰਾਏ ਨੂੰ ਡਾਂਟਿਆ ਕਿ ਉਹ ਕੀ ਕਰ ਰਿਹਾ ਹੈ? ਉਹ ਆਪਣੇ ਮਤਲਬ ਨਾਲ ਮਤਲਬ ਰੱਖੇ ਦਰਬਾਰ ਸਾਹਿਬ ਅੰਦਰ ਫੌਜਾਂ ਰੱਖਣੀਆਂ ਜਾਂ ਕੱਢਣੀਆ ਰਾਜਨੀਤਿਕ ਮਹਾਂਰਥੀਆਂ ਦਾ ਕੰਮ ਹੈ; ਇਹ ਉਹਨਾਂ ਨੇ ਦੇਖਣਾ ਹੈ ਕਿ ਫੌਜ ਕੱਢਣੀ ਹੈ ਜਾਂ ਨਹੀਂ। ਇਸੇ ਸਮੇਂ ਦੌਰਾਨ 17 ਜੁਲਾਈ ਨੂੰ ਬੂਟਾ ਸਿੰਘ, ਸੰਤਾ ਸਿੰਘ ਨਿਹੰਗ ਨੂੰ ਅਕਾਲ ਤਖ਼ਤ ਦੀ ਮੁਰੰਮਤ ਲਈ ਲੈ ਆਇਆ ਤੇ ਸਾਰਾ ਸੰਦਰਭ ਹੀ ਬਦਲ ਗਿਆ ਅਤੇ ਨਵਾਂ ਅੰਦੋਲਨ ਸ਼ੁਰੂ ਹੋ ਗਿਆ।

ਅੰਤ ਸਿੱਖਾਂ ਨੇ 30 ਸਤੰਬਰ ਦਾ ਅਲਟੀਮੇਟਮ ਦੇ ਦਿੱਤਾ ਕਿ ਉਸ ਤੋਂ ਪਹਿਲਾਂ- ਪਹਿਲਾਂ ਹਰਿਮੰਦਰ ਸਾਹਿਬ ਦਾ ਪ੍ਰਬੰਧ ਸਿੱਖਾਂ ਨੂੰ ਸੰਭਾਲ ਦਿੱਤਾ ਜਾਵੇ ਨਹੀ ਤਾਂ ਐਜੀਟੇਸ਼ਨ ਹੋਵੇਗੀ। ਇਸ ਨਾਲ ਗਿਆਨੀ ਜ਼ੈਲ ਸਿੰਘ ਨੇ 27.9.84 ਨੂੰ ਪੰਜਾਬ ਦੇ ਗਵਰਨਰ ਨੂੰ ਹਦਾਇਤ ਕੀਤੀ ਕਿ ਪ੍ਰਬੰਧ ਪੰਜ ਸਿੰਘ ਸਾਹਿਬਾਨ ਨੂੰ ਸੋਂਪ ਦਿੱਤਾ ਜਾਵੇ। ਸਿੱਟੇ ਵਜੋਂ, ਸ.ਪ੍ਰਕਾਸ਼ ਸਿੰਘ ਮਜੀਠਾ ਅਤੇ ਰਾਜਿੰਦਰ ਸਿੰਘ ਧਾਲੀਵਾਲ, ਗੈਰ ਹਾਜ਼ਰ ਰਹੇ ਤੇ ਉਹਨਾਂ ਨੇ ਕੁੰਜੀਆਂ ਦੀ ਸੌਂਪਣਾ ਦੇ ਸਮਾਗਮ ਸ਼ਿਰਗਤ ਨਾ ਕੀਤੀ। ਪਰ ਸਿੰਘ ਸਾਹਿਬਾਨ ਨੇ ਬੜੀ ਜੁਗਤ ਨਾਲ ਚਾਬੀਆਂ ਭਾਨ ਸਿੰਘ ਨੂੰ ਦੁਆ ਦਿੱਤੀਆਂ, ਜਿਸ ਦਾ ਸਿੱਧਾ ਅਰਥ ਸ਼੍ਰੋਮਣੀ ਕਮੇਟੀ ਨੂੰ ਅਧਿਕਾਰ ਦੇਣਾ ਸੀ ਅਤੇ ੨੭ ਸਤੰਬਰ ਨੂੰ ਸਿੱਖਾਂ ਨੇ ਹਰਿਮੰਦਰ ਸਾਹਿਬ ਦੇ ਖੁੱਲੇ ਦਰਸ਼ਨ ਦੀਦਾਰ ਕੀਤੇ।

ਪਰ ਸਿੱਖਾਂ ਦਾ ਜਾਨੀ, ਮਾਲੀ ਤੇ ਗੌਰਵ-ਇੱਜ਼ਤ ਦਾ ਬਹੁਤ ਨੁਕਸਾਨ ਹੋਇਆ ਸੀ ਸ਼ਾਇਦ ਕਦੀ ਪੂਰਾ ਨਾ ਹੋ ਸਕੇ। ਸਿਰਫ਼ ਫੌਜੀਆਂ ਨੇ ਸਾਮਾਨ ਤੇ ਨਕਦੀ ਹੀ ਨਹੀਂ ਲੁੱਟੀ ਉਨ੍ਹਾਂ ਨੇ ਸਾਡਾ ਵਿਰਸਾ ਵੀ ਨੇਸਤੋਂ ਨਾਬੂਦ ਕਰਨ ਦੀ ਹਰ ਸੰਭਵ ਕੋਸ਼ਿਸ਼ ਕੀਤੀ। 103 ਤਸਵੀਰਾਂ ਜਿਨ੍ਹਾਂ ਦੇ ਵਿਚ ਗੋਲੀਆਂ ਲੱਗਣ ਕਾਰਨ ਕਾਫੀ ਨੁਕਸਾਨ ਹੋ ਗਿਆ ਸੀ, ਉਹ ਫੌਜੀ ਲੈ ਗਏ ਸਨ ਕਿ ਅਸੀਂ ਠੀਕ ਕਰਵਾ ਕੇ ਭਿਜਵਾ ਦਿਆਂਗੇ। ਕੁਝ ਤਸਵੀਰਾਂ ਗੁੰਮ ਹਨ। ਮਹਾਰਾਜਾ ਦਲੀਪ ਸਿੰਘ ਵਲੋਂ ਭੇਟਾ ਕੀਤੀ ਮੋਗੇ ਦੀ ਬਣੀ ਮਾਲਾ, ਜਿਸਦਾ ਇਸ ਵੇਲੇ ਇਕ ਲੱਖ ਮੁੱਲ ਹੈ, 40 ਐਲਬਮਾਂ, ਕਈ ਦੁਰਲੱਭ ਸਿੱਕੇ, ਇਕ ਇੰਚ ਅਕਾਰ ਦਾ ਕੁਰਾਨ ਸ਼ਰੀਫ, ਅੱਧੀ ਇੰਚ ਦਾ ਇਕ ਨਿਤਨੇਮ ਦਾ ਗੁਟਕਾ, ਪੱਥਰਛਾਪੇ ਦੀ ਜਨਮ ਸਾਖੀ, ਅਨੇਕਾਂ ਹੀ ਇਤਿਹਾਸਕ ਹੁਕਮਨਾਮੇ, ਸੂਖਮ ਚਿੱਤਰ, ਮਹਾਰਾਜਾ ਰਣਜੀਤ ਸਿੰਘ ਦੇ ਦੋ ਫ਼ੁਰਮਾਨ, ਚਾਬੀਆਂ ਦੇ ਮੋਰਚੇ ਸਮੇਂ ਅੰਗਰੇਜ਼ ਸਰਕਾਰ ਵਲੋਂ ਪੰਥ ਨੂੰ ਦਿੱਤੇ ਇਤਿਹਾਸਿਕ ਚਾਬੀਆਂ ਵਾਲੇ ਗੁਛੇ ਵਾਲੀ ਥੈਲੀ ਆਦਿ ਅਨੇਕਾਂ ਦੁਰਲੱਭ ਇਤਿਹਾਸਿਕ ਵਸਤਾਂ ਗੁੰਮ ਸਨ।

ਹਰਜੀਤ ਸਿੰਘ ਦੇ ਕਹਿਣ ਅਨੁਸਾਰ 400 ਕਿਤਾਬਾਂ ਜੋ ਉਨ੍ਹਾਂ ਨੇ ਪਾਕਿਸਤਾਨ ਤੋਂ ਮੰਗਵਾਈਆਂ ਸਨ, ਜਿਨ੍ਹਾਂ ਵਿਚੋਂ ਵਧੇਰੇ ਕਰਕੇ ਉਰਦੂ ਵਿਚ ਸਨ, ਉਹ ਵੀ ਗ਼ੁੰਮ ਸਨ। ਸਰਦਾਰ ਦਵਿੰਦਰ ਸਿੰਘ ਦੁੱਗਲ ਲਾਇਬ੍ਰੇਰੀਅਨ ਨੇ ਦੱਸਿਆ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ 400 ਹੱਥ-ਲਿਖਤ ਪੁਰਾਤਨ ਬੀੜਾਂ, ਜਨਮ



www.AKJ.Org

ਸਾਖੀਆਂ, ਹੁਕਮਨਾਮੇ, 500 ਨਾਯਾਬ ਪੁਸਤਕਾ ਦੇ ਟਾਈਪ ਕੀਤੇ ਖਰੜੇ, ਪਿਛਲੇ ੬0 ਸਾਲਾਂ ਤੋਂ ਕਈ ਅਖਬਾਰਾਂ ਦੀਆਂ ਜਿਲਦ ਕੀਤੀਆਂ ਫ਼ਾਈਲਾਂ ਜੋ 1੨00 ਤੋਂ ਉਪਰ ਸਨ, ਸੰਤ ਨਿਹਾਲ ਸਿੰਘ ਰਚਿਤ ਕਵੀ ਪ੍ਰਕਾਸ਼ ਆਦਿ ਵੱਡੇ ਆਕਾਰ ਦੀਆ ਹੱਥ ਲਿਖਤ ਪੁਸਤਕਾਂ, ਜਿਨ੍ਹਾਂ ਦੀ ਸਿਰਫ਼ ਇਕੋ ਹੀ ਕਾਪੀ ਸੀ, ਇਤਿਹਾਸਕ ਤਸਵੀਰਾਂ ਤੇ ਚਿੱਤਰਾਂ ਸੰਬੰਧੀ 18 ਐਲਬਮਾਂ, ਲਗਪਗ ੨5 ਲੱਖ ਰੁ: ਦੀਆਂ ਅਲਮਾਰੀਆਂ, ਰੈਕ, ਫ਼ਰਨੀਚਰ, ਤਸਵੀਰਾਂ ਤੇ ਬਲਾਕ ਆਦਿ ਪੂਰੀ ਤਰ੍ਹਾਂ ਤਬਾਹ ਹੋ ਗਏ।

ਇਹ ਸਭ ਵਸਤਾ ਤੇ ਹੋਰ ਬਹੁਤ ਕੁੱਝ ਅਜੇ ਵੀ ਮੇਰਠ ਛਾਉਣੀ ਵਿਖੇ ਪਿਆ ਹੈ। ਪੰਜਾਬ ਸਰਕਾਰ ਜੋ ਕੇਂਦਰੀ ਸਰਕਾਰ ਵਿਚ ਭਾਈਵਾਲ ਹਨ, ਇਹ ਸਾਰਾ ਸਾਮਾਨ ਵਾਪਿਸ ਲਿਆਉਣ ਲਈ, ਆਪਣਾ ਰਸੂਖ ਇਸਤੇਮਾਲ ਕਰੇ।

ਫ਼ੌਜੀ ਕਾਰਵਾਈ ਪਿਛੋਂ ਭਾਰਤ ਦੇ ਵੱਖ-ਵੱਖ ਭਾਗਾਂ ਤੋਂ ਲਗਭਗ 4000 ਸਿੱਖ ਸਿਪਾਹੀਆਂ ਦਾ ਭਗੌੜਾ ਹੋਣਾ ਬਹੁਤ ਵੱਡਾ ਧੱਕਾ ਲਗਣ ਵਾਲੀ ਘਟਨਾ ਸੀ। ਫਰਾਰੀ ਦੇ ਤਿੰਨ ਮੁੱਖ ਕੇਂਦਰ ਸਨ: 1.ਸ੍ਰੀ ਗੰਗਾ ਨਗਰ ਰਾਜਸਥਾਨ ਵਿਖੇ ਆਰਮੀ ਸੈਂਟਰ, ੨. ਰਾਮਗੜ੍ਹ ਬਿਹਾਰ ਵਿਖੇ ਰੈਜਮੈਂਟਲ ਸੈਂਟਰ 3. ਪੂਨਾ ਮਹਾਰਾਸ਼ਟਰ ਵਿਖੇ ਆਰਮੀ ਬੇਸ। ਇਹ ਇਕ ਸੁਭਾਵਕ ਪ੍ਰਤੀਕਰਮ ਸੀ ਕਿਉਂਕਿ ਜਿਸ ਗੁਰੂ ਗ੍ਰੰਥ ਸਾਹਿਬ ਦੀ ਉਨ੍ਹਾਂ ਨੂੰ ਸਹੁੰ ਖੁਆਈ ਜਾਂਦੀ ਹੈ; ਉਸ ਦੀ ਬੇਹੁਰਮਤੀ ਉਹ ਕਿਵੇਂ ਬਰਦਾਸ਼ਤ ਕਰ ਸਕਦੇ ਸਨ। ਇਸ ਰੱਦੋ ਅਮਲ ਤਾਂ ਇੰਜ ਹੀ ਹੋਣਾ ਸੀ।

ਅੱਜ ਉਹ ਸਾਰੇ ਲੋਕ ਗੈਰਹਾਜ਼ਰ ਹਨ, ਜਿਹੜੇ ਸਿੱਧੇ ਤੌਰ 'ਤੇ ਬਲਿਊ ਸਟਾਰ ਓਪਰੇਸ਼ਨ ਨਾਲ ਸੰਬੰਧਿਤ ਸਨ। ਇੰਦਰਾ ਗਾਧੀ, ਰਾਜੀਵ ਗਾਧੀ, ਸੰਤ ਜਰਨੈਲ ਸਿੰਘ, ਸੰਤ ਲੌਂਗੋਵਾਲ, ਜਨਰਲ ਵੈਦਿਆ, ਗਿਆਨੀ ਜ਼ੈਲ ਸਿੰਘ, ਜਨਰਲ ਸੁਬੇਗ ਸਿੰਘ, ਭਾਈ ਅਮਰੀਕ ਸਿੰਘ ਤੇ ਬਹੁਤ ਸਾਰੇ ਹੋਰ।

ਅੱਜ ਦੇ ਇਸ ਤਪਦੇ ਮੌਸਮ ਵਿਚ, ਭਰੇ ਹੋਏ ਅਤੇ ਤਪੇ ਹੋਏ ਮਨ ਨਾਲ ਉਨ੍ਹਾਂ ਦਿਨਾਂ ਨੂੰ ਯਾਦ ਕਰਦੇ ਹੋਏ ਅਰਦਾਸ ਦਿਵਸ ਵਜੋਂ ਮਨਾਉਂਦੇ ਹਾਂ। ਕੀ ਸਿੱਖ ਇਤਿਹਾਸ ਬਣਾਉਂਦੇ ਹੀ ਰਹਿਣਗੇ ਕਿ ਕਦੀ ਇਤਿਹਾਸ ਹੰਢਾਉਣਗੇ ਵੀ? ਸਾਨੂੰ ਹੁਣ ਆਪਣੀਆ ਦਿਸ਼ਾਵਾਂ ਨੂੰ ਨਵੇਂ ਸਿਰਿਉਂ ਵਿਉਂਤਣਾ/ਸੰਭਾਲਣਾ ਪਵੇਗਾ। ▪ ▪

---

(ਪੰਨਾ ੫ ਦਾ ਬਾਕੀ ....)

ਬਾਬਾ ਬਾਲਕ ਸਿੰਘ ਜੀ ਪਾਸੋਂ ਨਾਮ ਗੁਰਮੰਤ੍ਰ ਲਇਆ, ਇਹ ਗੱਲ ਉੱਕੀ ਹੀ ਨਿਰਮੂਲ ਹੈ। ਹਾਂ । ਇਹ ਗੱਲ ਸੱਚ ਹੈ ਕਿ ਓਹਨਾ ਹਜ਼ਰੋ ਜਾ ਕੇ ਪੰਜਾਂ ਪਿਆਰਿਆਂ ਦੇ ਉਸ ਜਥੇ ਤੋਂ ਅੰਮ੍ਰਿਤ ਛਕਿਆ, ਜਿਨ੍ਹਾਂ ਪੰਜਾਂ ਪਿਆਰਿਆਂ ਵਿਚ ਸੰਤ ਬਾਲਕ ਸਿੰਘ ਜੀ ਭੀ ਸ਼ਾਮਲ ਸਨ। ਅਤੇ ਐਨ ਅੰਮ੍ਰਿਤ ਸਮਾਗਮ ਸਮੇਂ ਹੀ ਪੰਜਾਂ ਪਿਆਰਿਆਂ ਦੁਆਰਾ ਨਾਮ-ਗੁਰਮੰਤ੍ਰ ਲਇਆ ਗਇਆ। ਬਹੁਤ ਚਿਰ ਤਾਂ ਭੈਣੀ ਵਿਖੇ ਭੀ ਪੰਜਾਂ ਪਿਆਰਿਆਂ ਦੁਆਰਾ ਹੀ ਖੰਡੇ ਦਾ ਅੰਮ੍ਰਿਤ ਤ੍ਰਿਆਰ ਹੁੰਦਾ ਰਿਹਾ, ਜਿਨ੍ਹਾਂ ਵਿਚ ਕਿ ਬਾਬਾ ਰਾਮ ਸਿੰਘ ਜੀ ਭੀ ਸ਼ਾਮਲ ਹੁੰਦੇ ਰਹੇ ਅਤੇ ਪੰਜਾਂ ਦੇ ਪੁੰਜ ਤੇ ਐਨ ਅੰਮ੍ਰਿਤ ਸਮੇਂ ਪੂਰਨ ਗੁਰ-ਮਰਯਾਦਾ ਅਨੁਸਾਰ ਹੀ ਗੁਰਮੰਤ੍ਰ ਦੇਣ ਲੈਣ ਦੀ ਗੁਰਮਤਿ ਰੀਤ ਸੁਰੀਤ ਚਲਦੀ ਰਹੀ। ਪਿਛੋਂ ਆ ਕੇ ਗੱਲ ਬਿਗੜਦੀ ਬਿਗੜਦੀ ਬਿਗੜ ਗਈ ਅਤੇ ਐਥੋਂ ਤਾਈਂ ਨੌਬਤ ਆਣ ਪੁਜੀ ਇਕ ਇਕ ਨਾਮਧਾਰੀ ਸਿਖ ਅੱਡੋ ਅੱਡੀ ਕਈ ਅਨਅਧਿਕਾਰੀ ਆਦਮੀਆਂ ਦੇ ਕੰਨਾਂ ਵਿਚ ਫੂਕਾਂ ਮਾਰਦਾ ਦੇਖਿਆ ਗਿਆ, ਅਤੇ ਦੇਖਿਆ ਜਾਂਦਾ ਹੈ, ਜਿਸ ਵਤੀਰੇ ਨੇ ਗੁਰਮੰਤ੍ਰ ਲੈਣ ਦੇਣ ਦੀ ਖੇਡ ਨੂੰ ਹਾਸੋ-ਹੀਣਾ ਬਣਾ ਛਡਿਆ ਹੈ।

ਐਸਾ ਬਿਗਾੜ ਹੀ ਨਿਰਮਲੇ ਆਦਿਕ ਹੋਰ ਸੰਪਰਦਾਵਾਂ ਵਿਖੇ ਨਾਮ ਗੁਰਮੰਤ੍ਰਨੀ ਰੀਤ ਵਿਖੇ ਪੈ ਗਿਆ। ਬਹੁਤਾ ਵਿਸਥਾਰ ਵਿਚ ਪੈਣ ਦੀ ਲੋੜ ਨਹੀਂ। ਗੁਰਵਾਕਾਂ ਦੀ ਕਸੌਟੀ ਦੁਆਰਾ ਕੀਤੀ ਪਰਖ ਤਾਂ ਇਸੇ ਸੱਚਾਈ ਤੇ ਪੁਚਾਉਂਦੀ ਹੈ ਕਿ ਸਿਖ ਦੇ ਗੁਰਮੰਤ੍ਰ ਦਿਤਿਆਂ ਪੂਰਨ ਗੁਰੱਤ-ਕਲਾ ਨਹੀਂ ਵਰਤਦੀ; ਕੇਵਲ ਪੰਜਾਂ ਦੁਆਰਾ ਹੀ ਵਰਤਦੀ ਹੈ ਅਤੇ ਪੂਰਨ ਗੁਰੂ-ਕਲਾ ਵਰਤੇ ਬਿਹੂਣ ਨਾਮ-ਗੁਰਮੰਤ੍ਰ ਸਰਬ-ਕਲਾ ਸੰਪੂਰਨ ਸਹਾਈ ਅਤੇ ਫਲ ਪ੍ਰਦਾਈ ਨਹੀਂ ਹੁੰਦਾ ਅਤੇ ਇਹ ਕਲਾ ਪੂਰਨ ਗੁਰੂ ਦੁਆਰਾ ਪ੍ਰਾਪਤ ਹੋਏ ਨਾਮ ਦੇ ਪਰਤਾਪ ਕਰ ਹੀ ਵਰਤਦੀ ਹੈ। ਅਨੇਕਾਂ ਹੀ ਗੁਰਵਾਕ ਇਸ ਗੱਲ ਦੀ ਪ੍ਰੋੜ੍ਹਤਾ ਕਰਦੇ ਹਨ।



www.AKJ.Org

ਗੁਰ-ਮਿਸ਼ਨ ਨੂੰ ਸਮਰਪਿਤ : ਲਾਸਾਨੀ ਸ਼ਹੀਦ

# ਬਾਬਾ ਬੰਦਾ ਸਿੰਘ ਬਹਾਦਰ

(ਡਾ: ਹਰਚੰਦ ਸਿੰਘ ਸਰਹਿੰਦੀ)

ਬਾਬਾ ਬੰਦਾ ਸਿੰਘ ਬਹਾਦਰ ਆਪਣੇ ਸਮੇਂ ਦਾ ਇਕ ਉਤਮ ਦਰਜੇ ਦਾ ਸਿੱਖ ਯੋਧਾ ਸੀ। ਪ੍ਰਸਿੱਧ ਇਤਿਹਾਸਕਾਰ ਮੈਕਲੇਗਰ ਅਨੁਸਾਰ "ਬੰਦਾ (ਸਿੰਘ) ਬਹਾਦਰਾਂ ਤੇ ਜਰਨੈਲਾਂ ਵਿਚ ਉਚੀ ਥਾਂ ਰੱਖਦਾ ਹੈ। ਉਸ ਦਾ ਨਾਂ ਹੀ ਪੰਜਾਬ ਤੇ ਪੰਜਾਬ ਤੋਂ ਬਾਹਰ ਮੁਗਲਾਂ ਵਿਚ ਦਹਿਸ਼ਤ ਫੈਲਾਉਣ ਲਈ ਕਾਫੀ ਸੀ।" ਯੋਧੇ ਦੇ ਤੌਰ 'ਤੇ ਬੰਦਾ ਸਿੰਘ ਬਹਾਦਰ ਬਾਰੇ ਇਕ ਟਿੱਪਣੀ ਕਰਦਿਆਂ ਡਾ. ਗੰਡਾ ਸਿੰਘ ਆਪਣੀ ਪੁਸਤਕ 'ਬੰਦਾ ਸਿੰਘ ਬਹਾਦਰ' ਦੇ ਪੰਨਾ ੨੫੨ 'ਤੇ ਲਿਖਦਾ ਹੈ, "ਜੰਗ ਦੇ ਮੈਦਾਨ ਵਿਚ ਉਹ ਬਹਾਦਰਾਂ ਅਤੇ ਜੁਰਅਤ-ਭਰਿਆਂ ਵਿਚੋਂ ਇਕ ਹੁੰਦਾ ਅਤੇ ਕਦੇ ਤਾਂ ਜਾਨ ਦੀ ਪਰਵਾਹ ਹੀ ਨਾ ਕਰਦਾ।" ਬੰਦਾ ਸਿੰਘ ਬਹਾਦਰ ਨੂੰ ਜਿਥੇ ਇਕ ਨਿਧੜਕ ਯੋਧੇ ਅਤੇ ਸਿਦਕੀ ਸੈਨਿਕ ਕਮਾਂਡਰ ਵਜੋਂ ਮਾਨਤਾ ਹਾਸਲ ਹੈ ਉਥੇ ਸਿੱਖ ਸ਼ਹੀਦੀ ਪਰੰਪਰਾ ਵਿਚ ਵੀ ਉਨ੍ਹਾਂ ਦਾ ਨਾਂ ਇਕ ਰੋਸ਼ਨ ਸਿਤਾਰੇ ਵਾਂਗ ਚਮਕਦਾ ਹੈ।

ਇਸ ਗੱਲ ਵਿਚ ਕੋਈ ਸ਼ੱਕ ਨਹੀਂ ਕਿ ਗੁਰੂ ਗੋਬਿੰਦ ਸਿੰਘ ਨੇ ਸਿੱਖਾਂ ਨੂੰ ਮੁਗਲਾਂ ਵਿਰੁੱਧ ਟੱਕਰ ਲੈਣ ਲਈ ਮਾਨਸਕ ਤੇ ਜਥੇਬੰਦਕ ਤੌਰ 'ਤੇ ਤਿਆਰ ਕੀਤਾ ਪਰ ਇਹ ਗੱਲ ਮੰਨਣੀ ਪਵੇਗੀ ਕਿ ਦਸਮ ਪਾਤਸ਼ਾਹ ਤੋਂ ਬਾਅਦ ਇਹ ਬਾਬਾ ਬੰਦਾ ਸਿੰਘ ਬਹਾਦਰ ਹੀ ਸੀ ਜਿਸ ਨੇ ਇਤਿਹਾਸ ਦੇ ਇਕ ਨਾਜ਼ੁਕ ਅਤੇ ਕਾਲੇ ਦੌਰ ਵਿਚ ਸਿੱਖਾਂ ਦੀ ਰਹਿਨੁਮਾਈ ਕੀਤੀ ਅਤੇ ਮੁਗਲਾਂ ਦੇ ਅਜਿੱਤ ਹੋਣ ਦੇ ਘੁਮੰਡ ਨੂੰ ਤੋੜ ਕੇ ਰੱਖ ਦਿੱਤਾ; ਮੁਗਲਾਂ ਦੀ ਜ਼ੁਲਮੋ-ਜਬਰ ਨਾਲ ਨੱਕੋ-ਨੱਕ ਭਰੀ ਸਲਤਨਤ ਨੂੰ ਢਹਿ-ਢੇਰੀ ਕਰਨ ਦੀ ਸ਼ੁਰੂਆਤ ਵੀ ਕੀਤੀ। ਇਸ ਸੰਬੰਧ ਵਿਚ ਡਾ, ਗੰਡਾ ਸਿੰਘ, ਬੰਦਾ ਸਿੰਘ ਬਹਾਦਰ ਨੂੰ ਸ਼ਰਧਾ ਦੇ ਫੁੱਲ ਭੇਂਟ ਕਰਦਿਆ ਲਿਖਦਾ ਹੈ, 'ਉਹ (ਬੰਦਾ ਸਿੰਘ ਬਹਾਦਰ) ਪੰਜਾਬ ਵਿਚ ਮੁਗਲਾਂ ਦੇ ਅਸਹਿਣਸ਼ੀਲ ਸ਼ਾਸਨ ਨੂੰ ਸਖ਼ਤ ਚੋਟ ਲਾਉਣ ਵਾਲਾ ਅਤੇ ਪ੍ਰਾਂਤ ਵਿਚ ਸਿੱਖਾਂ ਦੀ ਜਿੱਤ ਦੀ ਢੀਮ ਮਾਰਨ ਵਾਲਾ ਪਹਿਲਾ ਆਦਮੀ ਸੀ। ਭਾਵੇ ਉਸ ਦੀ ਮੌਤ ਦੋਂ ੪੦ ਸਾਲ ਮਗਰੋਂ ਹੀ ਲਾਹੌਰ ਦੀ ਰਾਜਧਾਨੀ ਸਿੱਖਾਂ ਦੇ ਹੱਥ ਆਈ।' ਇਹ ਇਕ ਨਿਰਵਿਵਾਦ ਤੱਥ ਹੈ ਕਿ ਸਿੱਖ ਰਾਜ ਦਾ ਨੀਂਹ-ਪੱਥਰ ਬੰਦਾ ਸਿੰਘ ਬਹਾਦਰ ਨੇ ਰੱਖਿਆ।

ਅਠ੍ਹਾਰਵੀਂ ਸਦੀ ਵਿਚ ਮੁਗ਼ਲਾ ਦੇ ਅਤਿਆਚਾਰਾਂ ਵਿਰੁੱਧ ਤਲਵਾਰ ਉਠਾਉਣ ਵਾਲੇ ਇਸ ਸੂਰਬੀਰ ਯੋਧੇ ਦਾ ਜਨਮ ੧੬ ਅਕਤੂਬਰ, ੧੬੭੦ ਈ. ਨੂੰ ਪੁਣਛ ਜ਼ਿਲ੍ਹੇ ਦੇ ਇਕ ਛੋਟੇ ਜਿਹੇ ਪਿੰਡ ਰਜੌਰੀ ਵਿਖੇ ਹੋਇਆ। ਇਹ ਪਿੰਡ ਜੰਮੂ-ਪੁਣਛ ਸੜਕ 'ਤੇ ਪਠਾਨਕੋਟ ਤੋਂ ੧੭੨ ਮੀਲ ਤੇ ਜੰਮੂ ਤੋਂ ੧੦੨ ਮੀਲ ਦੀ ਵਿੱਥ 'ਤੇ ਸਥਿਤ ਹੈ। ਬੰਦਾ ਸਿੰਘ ਬਹਾਦਰ ਦਾ ਬਚਪਨ ਦਾ ਨਾਂ ਲਛਮਣ ਦਾਸ ਸੀ। ਉਸ ਦਾ ਪਿਤਾ ਰਾਮਦੇਵ (ਭਾਰਦਵਾਜ ਰਾਜਪੂਤ) ਇਕ ਸਾਧਾਰਨ ਕਿਸਾਨ ਸੀ। ਲਛਮਣ ਦਾਸ ਤੇ ਭਾਗਾਂ ਵਿਚ ਰਸਮੀ ਵਿੱਦਿਆ ਨਹੀਂ ਸੀ। ਪਰ ਛੋਟੀ ਉਮਰੇ ਹੀ ਉਹ ਇਕ ਅੱਛਾ ਘੋੜ ਸਵਾਰ, ਪੱਕਾ ਨਿਸ਼ਾਨੇਬਾਜ਼ ਤੇ ਚੰਗਾ ਸ਼ਿਕਾਰੀ ਬਣ ਗਿਆ ਸੀ। ਬੰਦਾ ਸਿੰਘ ਬਹਾਦਰ ਦਾ ਬਚਪਨ ਬਹੁਤ ਕਰਕੇ ਅਣਜਾਣਿਆ ਹੀ ਹੈ। ਇਸ ਪ੍ਰਥਾਇ, ਡਾ. ਗੰਡਾ ਸਿੰਘ ਦਾ ਕਥਨ ਹੈ, "ਉਨ੍ਹਾਂ ਮਨੁੱਖਾਂ ਦੀ ਤਰ੍ਹਾਂ, ਜਿਨ੍ਹਾਂ ਗਰੀਬ ਘਰਾਣਿਆਂ ਵਿਚ ਜਨਮ ਲਿਆ ਅਤੇ ਜੀਵਨ ਦੇ ਆਖਰੀ ਦਿਨੀਂ ਪ੍ਰਸਿੱਧਤਾ ਕਪਤਪ ਹੋਵੇ, ਲਛਮਣ ਦਾਸ ਦੇ ਬਚਪਨ ਦਾ ਕੁਝ ਪਤਾ ਨਹੀਂ।

ਅਜੇ ਲਛਮਣ ਦਾਸ ੧੫ ਕੁ ਵਰ੍ਹਿਆ ਦਾ ਹੀ ਸੀ? ਯਾਨੀ ਹਾਲੇ ਉਸ ਨੇ ਜਵਾਨੀ ਦੀ ਦਹਿਲੀਜ਼ 'ਤੇ ਪੈਰ ਰੱਖਿਆ ਹੀ ਸੀ ਕਿ ਇਕ ਗਰਭਵਤੀ ਹਿਰਨੀ ਦੇ ਸ਼ਿਕਾਰ ਦੀ ਦੁਖਦਾਇਕ ਘਟਨਾ ਨੇ ਲਛਮਣ ਦਾਸ ਦੇ ਮਨ 'ਤੇ ਡੂੰਘਾ ਅਸਰ ਕੀਤਾ ਅਤੇ ਉਹ ਘਰ-ਬਾਰ ਤਿਆਗ ਕੇ ਬੈਰਾਗੀ ਬਣ ਗਿਆ। ਉਸ ਨੇ ਇਕ ਬੈਰਾਗੀ ਸਾਧੂ ਜਾਨਕੀ ਪ੍ਰਸਾਦ ਨੂੰ ਆਪਣਾ ਗੁਰੂ ਧਾਰ ਲਿਆ। ਇਸ ਸਾਧੂ ਨੇ ਉਸ ਦਾ ਨਾਂ ਬਦਲ ਕੇ ਮਾਧੋ ਦਾਸ ਰੱਖ ਦਿੱਤਾ।

ਮੈਕਾਲਿਫ ਆਪਣੀ ਵਿਸ਼ਵ-ਪ੍ਰਸਿੱਧ ਪੁਸਤਕ "ਦੀ ਸਿੱਖ ਰਿਲੀਜਨ', ਆਕਸਫੋਰਡ, ੧੯੦੯, ਜਿਲਦ



www.AKJ.Org

੫. ਪੰਨਾ ੨੩੮ 'ਤੇ ਲਿਖਦਾ ਹੈ ਕਿ ਬੈਰਾਗੀਆਂ ਦੇ ਟੋਲੇ ਨਾਲ ਵੱਖ ਵੱਖ ਥਾਵਾਂ ਦੀ ਯਾਤਰਾ ਕਰਨ ਉਪਰੰਤ ਮਾਧੋ ਦਾਸ ਨੇ ਨਾਂਦੇੜ ਦੇ ਨੇੜੇ, ਗੋਦਾਵਰੀ ਦਰਿਆ ਦੇ ਕੰਢੇ, ਇਕ ਸ਼ਾਂਤ ਤੇ ਸੁੰਦਰ ਸਥਾਨ 'ਤੇ ਆਪਣਾ ਟਿਕਾਣਾ ਬਣਾ ਲਿਆ। ਹੁਣ ਮਾਧੋ ਦਾਸ ਆਪਣੇ ਆਪ ਨੂੰ ਇਕ ਪੂਰਨ ਜੋਗੀ ਸਮਝਣ ਲੱਗਾ। ਜੰਤਰ-ਮੰਤਰ ਵਿਗਿਆਨ (?) ਦਾ ਉਹ ਮਾਹਿਰ ਬਣ ਗਿਆ ਸੀ। (ਮਾਧੋ ਦਾਸ ਨੇ ਯੋਗ-ਕੌਤਕਾ ਦਾ ਗਿਆਨ ਇਕ ਹੋਰ ਸਾਧੂ ਔਘੜ ਨਾਥ ਤੋਂ ਪ੍ਰਾਪਤ ਕੀਤਾ। ਪੰਚਵਟੀ (ਨਾਸਿਕ) ਠਹਿਰਨ ਸਮੇਂ ਉਹ ਇਸ ਸਾਧੂ ਦੇ ਸੰਪਰਕ ਵਿਚ ਆਇਆ।)

ਇਥੇ ਇਹ ਜਿਕਰ ਕਰਨਾ ਅਤੀ ਜ਼ਰੂਰੀ ਬਣਦਾ ਹੈ ਕਿ ਔਰੰਗਜ਼ੇਬ ਦੀ ਮੌਤ ਤੋਂ ਬਾਅਦ ਮੁਗ਼ਲਾਂ ਦਾ ਤਖ਼ਤ ਡਗਮਗਾਉਣ ਲੱਗਾ। ਔਰਗਜ਼ੇਬ ਦੇ ਪੁੱਤਰਾਂ ਵਿਚ ਤਖ਼ਤ ਲਈ ਜੰਗ ਛਿੜ ਗਈ। ਔਰਗਜ਼ੇਬ ਦੇ ਵੱਡੇ ਪੁੱਤਰ ਸ਼ਹਿਜ਼ਾਦਾ ਮੁੱਅਜ਼ਮ ਨੇ ਗੁਰੂ ਸਾਹਿਬ ਨੂੰ ਸਹਾਇਤਾ ਲਈ ਬੇਨਤੀ ਕੀਤੀ। ੮ ਜੂਨ, ੧੭੦੭ ਈ: ਨੂੰ ਆਗਰੇ ਦੇ ਨੇੜੇ ਲਈ ਗਈ ਲੜਾਈ ਵਿਚ ਗੁਰੂ ਗੋਬਿੰਦ ਸਿੰਘ ਜੀ ਨੇ ਸਹਿਜ਼ਾਦਾ ਮੁਅੱਜ਼ਮ ਦੀ ਮਦਦ ਕੀਤੀ। ਸਹਿਜ਼ਾਦਾ ਮੁੱਅਜ਼ਮ ਦੀ ਜਿੱਤ ਹੋਈ ਅਤੇ ਉਹ ਸ਼ਾਹ ਆਲਮ ਬਹਾਦਰ (ਬਹਾਦਰ ਸ਼ਾਹ) ਦੇ ਨਾਂ ਨਾਲ ਹਿੰਦੁਸਤਾਨ ਦਾ ਬਾਦਸ਼ਾਹ ਬਣਿਆ। ਗੁਰੂ ਸਾਹਿਬ ਕੁਝ ਸਮਾਂ ਸ਼ਾਹੀ ਮਹਿਮਾਨ ਦੇ ਤੌਰ 'ਤੇ ਆਗਰੇ ਦੇ ਕਿਲ੍ਹੇ ਵਿਚ ਠਹਿਰੇ। (ਦੇਖੋ । ਹਾਲਾਤ ਨੇ ਕੇਹਾ ਪਲਟਾ ਖਾਧਾ ।।)

ਗੁਰੂ ਗੋਬਿੰਦ ਸਿੰਘ ਜੀ ਨੇ ਸ਼ਹਿਜ਼ਾਦਾ ਮੁੱਅਜ਼ਮ ਦੀ ਮਦਦ ਇਸ ਸ਼ਰਤ 'ਤੇ ਕੀਤੀ ਸੀ ਕਿ ਉਹ ਬਾਦਸ਼ਾਹ ਬਣਨ ਉਪਰੰਤ ਸੂਬੇਦਾਰ ਵਜ਼ੀਰ ਖਾਂ ਅਤੇ ਹੋਰ ਪੰਥ-ਦੋਖੀਆਂ ਨੂੰ ਕਰੜੀਆਂ ਸਜ਼ਾਵਾਂ ਦੇਵੇਗਾ ਜਾਂ ਫਿਰ ਉਨ੍ਹਾਂ ਦੇ ਹਵਾਲੇ ਕਰੇਗਾ। ਪਰ ਬਾਦਸ਼ਾਹ ਆਪਣੇ ਵਚਨਾਂ ਤੋਂ ਮੁੱਕਰ ਗਿਆ।

ਮਾਧੋ ਦਾਸ ਦਾ ਗੁਰੂ ਗੋਬਿੰਦ ਸਿੰਘ ਜੀ ਨਾਲ ਮਿਲਾਪ :

ਨਾਂਦੇੜ ਪਹੁੰਚਣ ਤੋਂ ਪਹਿਲਾ ਗੁਰੂ ਸਾਹਿਬ, ਮਾਧੋ ਦਾਸ ਅਤੇ ਉਸ ਦੀਆਂ ਕਾਰਵਾਈਆਂ ਤੋਂ ਜਾਣੂ ਸਨ। ੩ ਸਤੰਬਰ, ੧੭੦੮ ਈ: ਨੂੰ ਗੁਰੂ ਗੋਬਿੰਦ ਸਿੰਘ ਜੀ, ਮਾਧੋ ਦਾਸ ਨੂੰ ਉਸ ਦੇ ਡੇਰੇ, ਨਾਂਦੇੜ ਵਿਖੇ ਮਿਲੇ। ਵਾਰਤਾਲਾਪ ਦੌਰਾਨ ਮਾਧੋ ਦਾਸ ਨੇ ਬੁੱਝ ਲਿਆ ਸੀ ਕਿ ਉਸ ਦੇ ਡੇਰੇ ਪਹੁੰਚੇ ਵਿਅਕਤੀ ਕੋਈ ਸਾਧਾਰਨ ਮਨੁੱਖ ਨਹੀਂ, ਬਲਕਿ ਗੁਰੂ ਗੋਬਿੰਦ ਸਿੰਘ ਜੀ ਹੀ ਹਨ, ਜਿਨ੍ਹਾਂ ਨੂੰ ਮਿਲਣ ਲਈ ਉਸ ਦੇ ਮਨ ਅੰਦਰ ਤੀਬਰ ਇੱਛਾ ਅੰਗੜਾਈਆਂ ਲੈ ਰਹੀ ਸੀ। ਤਾਹੀਓਂ, ਗੁਰੂ ਸਾਹਿਬ ਦੇ ਇਕ ਸਵਾਲ ਦੇ ਜਵਾਬ ਵਿਚ ਮਾਧੋ ਦਾਸ ਨੇ ਬੜੇ ਚਾਅ ਤੇ ਸਤਕਾਰ ਨਾਲ ਕਿਹਾ ਸੀ, "ਮੈਂ ਤਾਂ ਹਾਜ਼ਰ ਹਾਂ, ਹਜ਼ੂਰ । ਮੈਂ ਤਾਂ ਆਪ ਦਾ ਬੰਦਾ (ਸਿਵਕ) ਹਾਂ ।" ਅਹਿਮਦ ਸ਼ਾਹ ਬਟਾਲੀਆ। (ਅਹਿਮਦ ਸ਼ਾਹ ਬਟਾਲੀਆ ਨੇ ਆਪਣੀ ਪੁਸਤਕ 'ਜ਼ਿਕਰੇ ਗੁਰੂਆਂ ਵਾ ਇਬਤਦਾਏ ਸਿੰਘਾਂ ਵਾ ਮਜ਼ਹਬੇ ਏਸ਼ਾਂ' ਵਿਚ ਇਸ ਮੁਲਾਕਾਤ ਦਾ ਵੇਰਵੇ ਸਹਿਤ ਵਰਣਨ ਕੀਤਾ ਹੈ।)

ਇਸ ਤੋਂ ਮਗਰੋਂ ਮਾਧੋ ਦਾਸ ਨੂੰ ਬੰਦਾ ਸਿੰਘ ਬਹਾਦਰ ਕਿਹਾ ਜਾਣ ਲੱਗਾ। ਮੁਹੰਮਦ ਲਤੀਫ਼ ਲਿਖਦਾ ਹੈ, "ਛੇਤੀ ਹੀ ਉਹ (ਗੁਰੂ ਸਾਹਿਬ ਤੇ ਬੰਦਾ ਸਿੰਘ ਬਹਾਦਰ) ਨਜ਼ਦੀਕੀ ਮਿੱਤਰ ਬਣ ਗਏ।" ਗੁਰੂ ਗੋਬਿੰਦ ਸਿੰਘ ਨੇ ਆਪਣੇ ਮਿਸ਼ਨ ਦੀ ਪੂਰਤੀ ਲਈ ਉਨ੍ਹਾਂ ਦੀ ਕਲਪਨਾ ਦਾ 'ਬੰਦਾ' ਮਿਲ ਗਿਆ ਜਿਸ ਦੀ ਉਹ ਪਿਛਲੇ ਲਗਪਗ ਕਈ ਸਾਲਾ ਤੋਂ ਭਾਲ ਕਰ ਰਹੇ ਸਨ। ਉਧਰ, ਚੁਣੇ ਗਏ ਉਮੀਦਵਾਰ ਨੇ ਵੀ ਸੌਂਪੇ ਗਏ ਕੰਮ ਨੂੰ ਖਿੜੇ-ਮੱਥੇ ਪ੍ਰਵਾਨ ਕਰ ਲਿਆ। ਗੁਰੂ ਸਾਹਿਬ ਨੇ ਮਾਧੋ ਦਾਸ ਨੂੰ ਅੰਮ੍ਰਿਤ ਛਕਾ ਕੇ ਬੰਦਾ ਸਿੰਘ ਦਾ ਨਾਂ ਅਤੇ 'ਬਹਾਦਰ' ਦਾ ਖਿਤਾਬ ਬਖਸ਼ਿਆ। (ਕੁਝ ਇਤਿਹਾਸਕਾਰ, ਜਿਵੇਂ ਕਰਮ ਸਿੰਘ, ਸੋਹਨ ਸਿੰਘ ਡੇਂਜਿਲ ਇਬੇਟਸਨ ਅਤੇ ਸਰ ਐਡਵਰਡ ਮੇਕਲੇਗਰ, ਖ਼ਜ਼ਾਨ ਸਿੰਘ ਆਦਿ ਲਿਖਦੇ ਹਨ ਕਿ ਗੁਰੂ ਜੀ ਨੇ ਬੰਦੇ ਨੂੰ ਅੰਮ੍ਰਿਤ ਨਹੀਂ ਸੀ ਛਕਾਇਆ। ਪਰ ਇਸ ਸੰਬੰਧ ਵਿਚ ਵਧੇਰੇ ਗਵਾਹੀਆਂ ਇਸ ਗੱਲ ਦੇ ਹੱਕ ਵਿਚ ਮਿਲਦੀਆਂ ਹਨ ਕਿ ਬੰਦੇ ਨੂੰ ਸਿੱਖ ਰਹੁ-ਰੀਤ ਅਨੁਸਾਰ ਅੰਮ੍ਰਿਤ ਛਕਾਇਆ ਗਿਆ ਸੀ।)

ਗੱਲ ਦੀ ਲੜੀ ਨੂੰ ਅੱਗੇ ਤੋਰਨ ਤੋਂ ਪਹਿਲਾਂ ਲੇਖਕ ਦੀ ਇਹ ਤੀਬਰ ਇੱਛਾ ਹੈ ਕਿ ੩੮ ਸਾਲਾ ਬੰਦਾ ਸਿੰਘ ਬਹਾਦਰ ਦੀ ਸ਼ਖ਼ਸੀਅਤ ਬਾਰੇ ਮੋਟੀ ਜਿਹੀ ਜਾਣਕਾਰੀ ਪਾਠਕਾਂ ਨਾਲ ਸਾਂਝੀ ਕਰ ਲਈ ਜਾਵੇ।



www.AKJ.Org

**ਬੰਦਾ ਸਿੰਘ ਬਹਾਦਰ ਦਾ ਪੰਜਾਬ ਵੱਲ ਕੂਚ-**

ਗੁਰੂ ਗੋਬਿੰਦ ਸਿੰਘ ਜੀ ਨੇ ਬੰਦਾ ਸਿੰਘ ਬਹਾਦਰ ਨੂੰ ਪੰਜਾਬ ਭੇਜਣ ਤੋਂ ਪਹਿਲਾ ਮੁਗ਼ਲ ਹਕੂਮਤ ਨਾਲ ਟੱਕਰ ਲੈਣ ਲਈ ਮਾਨਸਕ ਤੌਰ 'ਤੇ ਤਿਆਰ ਕੀਤਾ। ਜਦੋਂ ਉਹ ਹਰ ਪੱਖੋਂ ਤਿਆਰ ਹੋ ਗਿਆ ਤਾਂ ਗੁਰੂ ਸਾਹਿਬ ਨੇ ਖਾਲਸੇ ਦਾ ਜਥੇਦਾਰ ਥਾਪ ਕੇ ਪੰਜਾਬ ਵੱਲ ਭੇਜਿਆ। ਗੁਰੂ ਸਾਹਿਬ ਨੇ ਉਸ ਨੂੰ ਪੰਜਾਬ ਦੇ ਸਿੱਖਾਂ ਦੇ ਨਾਂ ਇਕ ਚਿੱਠੀ ਦਿੱਤੀ, ਜਿਸ ਵਿਚ ਉਨ੍ਹਾਂ ਨੂੰ ਬੰਦਾ ਬਹਾਦਰ ਨੂੰ ਆਪਣਾ ਨੇਤਾ ਸਮਝਣ ਅਤੇ ਦੁਸ਼ਟਾਂ ਨੂੰ ਸੋਧਣ ਲਈ ਖਾਲਸੇ ਦੇ ਝੰਡੇ ਹੇਠ ਇਕੱਠੇ ਹੋਣ ਦਾ ਆਦੇਸ਼ ਦਿੱਤਾ। ਬੰਦਾ ਸਿੰਘ ਬਹਾਦਰ ਨੂੰ ਅਲੱਗ ਨਗਾਰਾ ਤੇ ਝੰਡਾ ਬਖਸ਼ਿਆ। ਗੁਰੂ ਸਾਹਿਬ ਨੇ ਆਪਣੇ ਭੱਥੇ ਵਿਚੋਂ ਤੀਰ ਅਤੇ ਕੁਝ ਹੋਰ ਹਥਿਆਰ ਵੀ ਬਖਸ਼ੇ। ਪੰਜ ਪਿਆਰਿਆਂ ਦੇ ਰੂਪ ਵਿਚ ਪੰਜ ਸਿੰਘ (ਬਾਬਾ ਬਿਨੋਦ ਸਿੰਘ, ਬਾਬਾ ਕਾਹਨ ਸਿੰਘ, ਬਾਬਾ ਬਾਜ ਸਿੰਘ ਅਤੇ ਭਾਈ ਰਣ ਸਿੰਘ) ਉਸ ਦੀ ਸਹਾਇਤਾ ਲਈ ਅਤੇ ਉਸ ਦੇ ਸਲਾਹਕਾਰਾਂ ਦੇ ਰੂਪ ਵਿਚ ਉਸ ਨਾਲ ਭੇਜੇ ਗਏ। ੨੦ ਸਿੰਘ ਹੋਰ ਵੀ ਉਸ ਨਾਲ ਭੇਜੇ ਗਏ। ਇਸ ਤਰ੍ਹਾਂ ਬੰਦਾ ਸਿੰਘ ਬਹਾਦਰ ੨੫ ਸਿੰਘਾਂ ਨੂੰ ਨਾਲ ਲੈ ਕੇ, ਅਕਤੂਬਰ ੧੭੦੮ ਦੇ ਆਸ-ਪਾਸ ਪੰਜਾਬ ਲਈ ਰਵਾਨਾ ਹੋਇਆ। ਬੰਦਾ ਸਿੰਘ ਬਹਾਦਰ ਅਜੇ ਰਸਤੇ ਵਿਚ ਹੀ ਸੀ ਕਿ ਗੁਰੂ ਜੀ ਜੋਤੀ ਜੋਤ ਸਮਾ ਗਏ। (ਕੁਝ ਇਤਿਹਾਸਕਾਰਾ ਦਾ ਵਿਚਾਰ ਹੈ ਕਿ ਬੰਦਾ ਸਿੰਘ ਬਹਾਦਰ, ਗੁਰੂ ਸਾਹਿਬ ਦੇ ਜੋਤੀ ਜੋਤ ਸਮਾਉਣ ਮਗਰੋਂ ਹੀ ਪੰਜਾਬ ਲਈ ਰਵਾਨਾ ਹੋਇਆ। ਡਾ. ਗੰਡਾ ਸਿੰਘ ਦਾ ਕਥਨ ਹੈ ਕਿ ਬੰਦਾ ਸਿੰਘ ਬਹਾਦਰ ਨਾਂਦੇੜ ਵਿਖੇ ਗੁਰੂ ਸਾਹਿਬ ਨੂੰ ਛੁਰਾ ਲੱਗਣ ਮਗਰੋਂ ਹੀ ਪੰਜਾਬ ਵੱਲ ਗਿਆ। ਪਰ ਇਸ ਨੂੰ ਠੀਕ ਨਹੀਂ ਕਿਹਾ ਜਾ ਸਕਦਾ, ਕਿਉਂਕਿ ਬਹੁਸੰਮਤੀ ਇਤਿਹਾਸਕਾਰ ਇਸ ਗੱਲ ਨਾਲ ਸਹਿਮਤ ਨਹੀਂ ਹਨ। ਮਿਸਾਲ ਵਜੋਂ, ਮੈਕਾਲਿਫ ਇਸ ਸੰਬੰਧ ਵਿਚ ਲਿਖਦਾ ਹੈ, "ਬੰਦੇ ਦੇ ਕੂਚ ਮਗਰੋਂ ਗੁਰੂ (ਜੀ) ਨਾਂਦੇੜ ਦੇ ਆਸ-ਪਾਸ ਕਈ ਥਾਵਾਂ-ਸ਼ਿਕਾਰ ਘਾਟ, ਨਗੀਨਾ ਘਾਟ, ਸੰਗਤ ਸਾਹਿਬ ਆਦਿ 'ਤੇ ਠਹਿਰੇ।" ਜ਼ਾਹਿਰ ਹੈ ਕਿ, ਬੰਦਾ ਸਿੰਘ ਬਹਾਦਰ ਗੁਰੂ ਸਾਹਿਬ ਦੇ ਜੀਵਨ-ਕਾਲ ਵਿਚ ਹੀ ਨਾਂਦੇੜ ਨੂੰ ਛੱਡ ਚੁੱਕਾ ਸੀ।) ਇਹ ਗੱਲ ਨੋਟ ਕਰਨ ਵਾਲੀ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਬੰਦਾ ਸਿੰਘ ਬਹਾਦਰ ਨੂੰ ਉਸ ਸਮੇਂ ਮੈਦਾਨ ਵਿਚ ਉਤਾਰਿਆ ਜਦੋਂ 'ਲੋਹਾ ਗਰਮ' ਸੀ। ਇਸ ਨੂੰ ਗੁਰੂ ਸਾਹਿਬ ਦੀ ਜੰਗੀ ਸੂਝ ਤੇ ਪੈਂਤੜੇਬਾਜ਼ੀ ਦਾ ਸਿਖਰ ਕਿਹਾ ਜਾ ਸਕਦਾ ਹੈ।

**ਸਿੱਖਾਂ ਦਾ ਬੰਦਾ ਸਿੰਘ ਬਹਾਦਰ ਦੇ ਝੰਡੇ ਹੇਠ ਇੱਕਠੇ ਹੋਣਾ:**

ਗੁਰੂ ਗੋਬਿੰਦ ਸਿੰਘ ਜੀ ਵਲੋਂ ਉਲੀਕਿਆ ਪ੍ਰੋਗ੍ਰਾਮ ਲੈ ਕੇ ਬੰਦਾ ਸਿੰਘ ਬਹਾਦਰ ਨਾਂਦੇੜ ਤੋਂ ਹਨ੍ਹੇਰੀ ਵਾਂਗ ਪੰਜਾਬ ਵੱਲ ਵਧਣ ਲੱਗਾ। ਦਿੱਲੀ ਦੇ ਇਲਾਕੇ ਵਿਚ ਪਹੁੰਚਣ 'ਤੇ ਉਸ ਨੇ ਕੂਚ ਦੀ ਰਫ਼ਤਾਰ ਮੱਠੀ ਕਰ ਦਿੱਤੀ। ਗੁਰੂ ਸਾਹਿਬ ਦੇ ਹੁਕਮਨਾਮਿਆਂ ਸਦਕਾ ਅਤੇ ਬੰਦਾ ਸਿੰਘ ਬਹਾਦਰ ਦੀ ਚੁੰਬਕੀ ਖਿੱਚ ਕਾਰਨ ਭਾਰੀ ਗਿਣਤੀ ਵਿਚ ਸਿੱਖ ਸੰਗਤਾਂ ਉਸ ਦੇ ਝੰਡੇ ਹੇਠ ਇਕੱਠੀਆਂ ਹੋਣ ਲੱਗੀਆਂ ਜਾਂ ਕਹਿ ਲਵੋ, ਲੋਕ ਉਸ ਨੂੰ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਤੀਨਿਧ ਸਮਝਦੇ ਹੋਏ, ਟੋਲੀਆਂ ਵਿਚ ਉਸ ਕੋਲ ਆਉਣ ਲੱਗੇ। ਮੁਹੰਮਦ ਕਾਸਮ ਤੇ ਖਫ਼ੀ ਖਾਨ ਲਿਖਦੇ ਹਨ ਕਿ ਛੇਤੀ ਹੀ ਉਸ ਦੀ ਕਮਾਨ ਹੇਠ ਇਕ ਵੱਡੀ ਸੈਨਾ ਇਕੱਠੀ ਹੋ ਗਈ। ਖਫ਼ੀ ਖਾਨ ਅਨੁਸਾਰ ੨-੩ ਮਹੀਨਿਆਂ ਵਿਚ ਹੀ ੪੦੦੦ ਘੋੜ ਸਵਾਰ ਅਤੇ ੭,੮੦੦ ਪੈਦਲ ਉਸ ਨਾਲ ਆ ਰਲੇ। ਡਾ. ਗੋਕਲ ਚੰਦ ਨਾਰੰਗ ਆਪਣੀ ਪ੍ਰਸਿੱਧ ਪੁਸਤਕ 'ਦੀ ਟ੍ਰਾਂਸਫਾਰਮੇਸ਼ਨ ਆਫ਼ ਦੀ ਸਿਖਿਇਜ਼ਮ' ਵਿਖ ਲਿਖਦਾ ਹੈ, "ਛੇਤੀ ਹੀ ਪੈਦਲ ਸੈਨਿਕਾ ਦੀ ਗਿਣਤੀ ੮,੯੦੦ ਹੋ ਗਈ ਅਤੇ ਅੰਤ ਵਿਚ ੪੦,੦੦੦ ਤਕ ਪਹੁੰਚ ਗਈ।"

**ਬੰਦਾ ਸਿੰਘ ਬਹਾਦਰ ਦੀ ਚੜ੍ਹਤ ਅਤੇ ਜਿੱਤਾਂ :**

ਦਿੱਲੀ ਪਾਰ ਕਰਦਿਆਂ ਹੀ ਜਿੱਤਾਂ ਦਾ ਸਿਲਸਿਲਾ ਸ਼ੁਰੂ ਹੋ ਗਿਆ। ਸੋਨੀਪਤ, ਕੈਥਲ, ਸਮਾਣਾ, ਘੁੜਾਮ, ਠਸਕਾ, ਸ਼ਾਹਬਾਦ, ਮੁਸਤਫਾਬਾਦ, ਕਪੂਰੀ, ਸਢੌਰਾ ਤੇ ਛੱਤ-ਬਨੂੜ ਨੂੰ ਫ਼ਤਹਿ ਕਰਨ ਉਪਰੰਤ ਸਿੱਖ ਆਪਣੇ ਮੁੱਖ ਨਿਸ਼ਾਨੇ, ਸਰਹਿੰਦ 'ਤੇ ਜ਼ੋਰਦਾਰ ਹੱਲਾ ਬੋਲਣ ਲਈ ਕਚੀਚੀਆਂ ਲੈਣ ਲੱਗੇ।

ਆਖ਼ਰ ਉਹ ਘੜੀ ਆਣ ਪਹੁੰਚੀ ਜਿਸ ਦਾ ਸਿੱਖ ਬੜੀ ਬੇਸਬਰੀ ਨਾਲ ਇੰਤਜ਼ਾਰ ਕਰ ਰਹੇ ਸਨ।



www.AKJ.Org

ਸੂਬੇਦਾਰ ਵਜ਼ੀਰ ਖ਼ਾਂ ਨੂੰ ਸਬਕ ਸਿਖਾਉਣ ਲਈ ਸਿੱਖਾਂ ਨੇ ਚੱਪੜਚਿੜੀ ਦਾ ਮੈਦਾਨ ਆ ਮੱਲਿਆ। (ਚੱਪੜਚਿੜੀ, ਸਰਹਿੰਦ ਤੋਂ ੧੨ ਕੋਹ ਦੀ ਵਿੱਥ 'ਤੇ ਖਰੜ-ਲਾਂਡਰਾ ਸੜਕ 'ਤੇ ਸਥਿਤ ਹੈ) ਸੂਬੇਦਾਰ ਵਜ਼ੀਰ ਖ਼ਾਂ ਦੀਆਂ ਫੌਜਾਂ ਸਿੱਖਾਂ ਦੇ ਤੂਫ਼ਾਨ ਨੂੰ ਰੋਕਣ ਲਈ ਅੱਗੇ ਵਧੀਆਂ। ੧੨ ਮਈ, ੧੭੧੦ ਈ: ਨੂੰ ਹੋਈ ਖ਼ੂਨ-ਡੋਲ੍ਹਵੀਂ ਲੜਾਈ ਵਿਚ ਸੂਬੇਦਾਰ ਵਜ਼ੀਰ ਖ਼ਾਂ ਮਾਰਿਆ ਗਿਆ।

੧੪ ਮਈ, ੧੭੧੦ ਈ: ਨੂੰ ਸਿੱਖ ਜੇਤੂਆਂ ਦੀ ਸ਼ਕਲ ਵਿਚ ਸਰਹਿੰਦ ਵਿਚ ਦਾਖ਼ਲ ਹੋਏ। ਬੰਦਾ ਸਿੰਘ ਬਹਾਦਰ ਨੇ ਸਿਤਮਾਂ ਦੀ ਨਗਰੀ, ਸਰਹਿੰਦ ਨੂੰ ਇੱਟਾਂ ਦੇ ਢੇਰ ਵਿਚ ਬਦਲ ਦਿੱਤਾ। ਸ਼ਾਹੀ ਅਮੀਰਾਂ ਨੂੰ ਲੁੱਟਿਆ ਗਿਆ ਅਤੇ ਦੋਸ਼ੀਆਂ ਨੂੰ ਚੁਣ-ਚੁਣ ਕੇ ਮਾਰਿਆ ਗਿਆ। ਸਰਹਿੰਦ ਦੀ ਜਿੱਤ ਨੇ ਅਹਿਮਦ ਸ਼ਾਹ ਅਬਦਾਲੀ ਦੇ ਇਸ ਕਥਨ ਕਿ "ਸਿੱਖਾਂ 'ਚੋਂ ਹਕੂਮਤ ਦੀ ਬੋ ਆਉਂਦੀ ਹੈ" ਨੂੰ ਸਹੀ ਸਿੱਧ ਕਰ ਵਿਖਾਇਆ।

ਪਰ ਮਲੇਰਕੋਟਲਾ 'ਤੇ ਹਮਲੇ ਦੌਰਾਨ ਸ਼ਹਿਰ ਨੂੰ ਕੋਈ ਨੁਕਸਾਨ ਨਹੀਂ ਪਹੁੰਚਾਇਆ ਗਿਆ। ਬੰਦਾ ਸਿੰਘ ਬਹਾਦਰ ਨੇ ਸਢੌਰਾ ਅਤੇ ਨਾਹਨ ਵਿਚਕਾਰ ਮੁਖ਼ਲਿਸਗੜ੍ਹ ਨੂੰ ਆਪਣੀ ਰਾਜਧਾਨੀ ਬਣਾਇਆ ਅਤੇ ਇਸ ਨੂੰ 'ਲੋਹਗੜ੍ਹ' ਦਾ ਨਾਂ ਦਿੱਤਾ। ਇਥੋਂ ਹੀ ਗੁਰੂ ਨਾਨਕ-ਗੁਰੂ ਗੋਬਿੰਦ ਸਿੰਘ ਦੇ ਨਾਂ 'ਤੇ ਸਿੱਕਾ ਜਾਰੀ ਕੀਤਾ।

ਜਿੱਤਾਂ ਦਾ ਸਿਲਸਿਲਾ ਜਾਰੀ ਰਿਹਾ। ਸਹਾਰਨਪੁਰ, ਜਲਾਲਾਬਾਦ ਅੰਤੇ ਨਨੌਤਾ ਫ਼ਤਹਿ ਕੀਤਾ। ਮਾਝੇ ਅਤੇ ਦੁਆਬੇ ਵਿਚ ਸਿੱਖ ਉਠ ਖੜ੍ਹੇ ਹੋਏ। ਸਿੱਖ, ਹੌਲੀ-ਹੌਲੀ ਪੰਜਾਬ ਦੇ ਬਹੁਤ ਵੱਡੇ ਹਿੱਸੇ ਦੇ ਮਾਲਕ ਬਣ ਬੈਠੇ।

ਸਿੱਖਾਂ ਦੀ ਚੜ੍ਹਤ ਨੇ ਹਿੰਦੋਸਤਾਨ ਦੇ ਬਾਦਸ਼ਾਹ, ਬਹਾਦਰ ਸ਼ਾਹ ਨੂੰ ਭੈਭੀਤ ਕਰ ਦਿੱਤਾ। ਇਸ ਲਈ ਬਾਦਸ਼ਾਹ ਖ਼ੁਦ ਵੱਡੀ ਫ਼ੌਜ ਲੈ ਕੇ ਪੰਜਾਬ ਵਿਚ ਦਾਖਲ ਹੋਇਆ। ਹਾਲਾਤ ਅਨੁਸਾਰ ਸਿੱਖਾਂ ਨੂੰ ਪਿੱਛੇ ਹਟਣਾ ਪਿਆ। ਬੰਦਾ ਸਿੰਘ ਬਹਾਦਰ ਸਮੇਤ ਸਿੱਖ ਲੋਹਗੜ੍ਹ ਦੇ ਕਿਲ੍ਹੇ ਵਿਚ ਆ ਟਿਕੇ। ਸ਼ਾਹੀ ਸੈਨਾ ਨੇ ਕਿਲ੍ਹੇ ਨੂੰ ਘੇਰ ਲਿਆ। ਬੰਦਾ ਸਿੰਘ ਬਹਾਦਰ ਕਿਲ੍ਹਾ ਛੱਡ ਕੇ ਪਹਾੜਾਂ ਵੱਲ ਚਲਾ ਗਿਆ ਅਤੇ ਇਸ ਦੌਰਾਨ ਪੰਥ-ਦੋਖੀ ਪਹਾੜੀ ਰਾਜੇ ਭੀਮ ਚੰਦ ਨੂੰ ਸੋਧਿਆ।

ਬਹਾਦਰ ਸ਼ਾਹ ਇਸ ਸਮੇਂ, ਲਾਹੌਰ ਟਿਕਿਆ ਹੋਇਆ ਸੀ। ੧੮ ਫ਼ਰਵਰੀ, ੧੭੧੨ ਈ: ਨੂੰ ਉਸ ਦੀ ਮੌਤ ਹੋ ਗਈ। ਇਸ ਮੌਕੇ ਤੋਂ ਲਾਭ ਉਠਾਉਂਦਿਆਂ ਬੰਦਾ ਸਿੰਘ ਬਹਾਦਰ ਨੇ ਪਹਾੜਾਂ 'ਚੋਂ ਨਿਕਲ ਕੇ ਮੁੜ ਆਪਣੀ ਤਾਕਤ ਨੂੰ ਸੰਗਠਿਤ ਕੀਤਾ ਅਤੇ ਕਈ ਇਲਾਕਿਆਂ 'ਤੇ ਕਾਬਜ਼ ਹੋ ਗਿਆ।

ਗ੍ਰਿਫ਼ਤਾਰੀ : ਮਾਰਚ, ੧੭੧੫ ਈ: ਵਿਚ ਬੰਦਾ ਸਿੰਘ ਬਹਾਦਰ ਨੇ ਕਲਾਨੌਰ ਤੇ ਬਟਾਲੇ 'ਤੇ ਕਬਜ਼ਾ ਕਰ ਲਿਆ। ਅੰਤ ਗੁਰਦਾਸ ਨੰਗਲ ਦੀ ਕੱਚੀ ਗੜ੍ਹੀ ਵਿਚ ਬੰਦਾ ਸਿੰਘ ਬਹਾਦਰ ਤੇ ਹੋਰ ਸਿੱਖ ਸੈਨਿਕ ਮੁਗ਼ਲ ਫ਼ੌਜ ਦੇ ਘੇਰੇ ਵਿਚ ਆ ਗਏ। ਇੰਜ ਕਈ ਮਹੀਨੇ ਘੇਰਾ ਜਾਰੀ ਰਿਹਾ। ਦੁਸ਼ਮਣ ਦੁਆਰਾ ਕੀਤੀ ਗਈ ਨਾਕੇਬੰਦੀ ਕਾਰਨ ਸੈਨਿਕ ਸਾਮਾਨ ਅਤੇ ਰਸਦ ਮੁੱਕ ਗਈ ਅਤੇ ਸਿੰਘ ਫਾਕੇ ਕੱਟਣ ਲੱਗੇ। ਫਿਰ ਵੀ ਸਿੱਖਾਂ ਨੇ ਡਟ ਕੇ ਮੁਕਾਬਲਾ ਕੀਤਾ। ਇਸ ਲੜਾਈ ਬਾਰੇ ਖ਼ਫ਼ੀ ਖ਼ਾਨ ਦਾ ਕਥਨ ਹੈ, "ਕਾਫ਼ਰਾਂ (ਸਿੱਖਾਂ) ਨੇ ਕਈ ਮੌਕਿਆਂ 'ਤੇ ਸਰਵੋਤਮ ਬਹਾਦਰੀ ਅਤੇ ਜੁਰਅਤ ਦਾ ਵਿਖਾਵਾ ਕੀਤਾ ਅਤੇ ਸ਼ਾਹੀ ਸੈਨਾਵਾਂ 'ਤੇ ਰਾਤਲ ਹਮਲੇ ਵੀ ਕੀਤੇ।" ਕੰਵਰ ਖ਼ਾਨ ਇਸ ਤੱਥ 'ਤੇ ਆਪਣੀ ਮੋਹਰ ਕੁਝ ਇਸ ਤਰ੍ਹਾਂ ਲਗਾਉਂਦਾ ਹੈ, "ਇਸ ਸਭ ਕੁਝ ਦੇ ਬਾਵਜੂਦ ਵੀ ਨਰਕੀ ਸਿੱਖ ਮੁਖੀਆ( ਬੰਦਾ ਸਿੰਘ ਬਹਾਦਰ) ਅਤੇ ਉਸ ਦੇ ਆਦਮੀ, ਸਾਰੀ ਸੈਨਿਕ ਸ਼ਕਤੀ ਦੇ ਸਾਹਮਣੇ, ਜੋ ਕਿ ਮਹਾਨ ਮੁਗ਼ਲ ਸਾਮਰਾਜ ਨੇ ਇਕੱਠੀ ਕਰ ਕੇ ਉਨ੍ਹਾਂ ਵਿਰੁੱਧ ਲਾਈ, ਅੱਠ ਮਹੀਨੇ ਤਕ ਡਟੇ ਰਹੇ।" ਮੁਹੰਮਦ ਕਾਸਿਮ, ਜਿਸ ਨੇ ਇਹ ਨਜ਼ਾਰਾ ਅੱਖੀਂ ਡਿੱਠਾ ਸੀ, ਸਿੱਖਾਂ ਦੀ ਬਹਾਦਰੀ ਦਾ ਜ਼ਿਕਰ 'ਇਬਰਤਨਾਮਾ' ਵਿਚ ਇੰਜ ਕਰਦਾ ਹੈ : "ਜੰਹਨਮੀ ਸਿੱਖਾਂ ਦੇ ਬਹਾਦਰੀ ਅਤੇ ਦਲੇਰੀ ਦੇ ਕਾਰਨਾਮੇ ਹੈਰਾਨ ਕਰਨ ਵਾਲੇ ਸਨ। ਜਦ ਸ਼ਾਹੀ ਫ਼ੌਜਾਂ ਇਨ੍ਹਾਂ ਵੱਲ ਅੱਗੇ ਵਧਦੀਆਂ ਤਾਂ ਉਹ ਆਪਣੀਆਂ ਤਲਵਾਰਾਂ ਨਾਲ ਮੁਗ਼ਲਾਂ ਦਾ ਘਾਣ ਕਰ ਦਿੰਦੇ।"

ਇਸੇ ਦੌਰਾਨ ਬਾਬਾ ਬੰਦਾ ਸਿੰਘ ਬਹਾਦਰ ਅਤੇ ਬਾਬਾ ਬਿਨੋਦ ਸਿੰਘ ਵਿਚਕਾਰ ਕੁਝ ਮੱਤਭੇਦ ਉੱਭਰ ਆਏ। ਕਿਹਾ ਜਾਂਦਾ ਹੈ ਕਿ ਇਕ ਵੇਰ ਤਾਂ ਦੋਹਾਂ ਨੇ ਤਲਵਾਰਾਂ ਸੂਤ ਲਈਆਂ ਸਨ। ਫਿਰ ਕ੍ਰੋਧੀ ਸ਼ਬਦਾਂ ਦੇ ਵਟਾਦਰੇ ਤੋਂ ਬਾਅਦ ਬਾਬਾ ਬਿਨੋਦ ਸਿੰਘ ਆਪਣੇ ਸਾਥੀਆਂ ਸਮੇਤ ਗੜ੍ਹੀ ਛੱਡ ਕੇ ਚਲੇ ਗਏ ਸਨ।



www.AKJ.Org

ਬਸ, ਇਸ ਦੇ ਨਾਲ ਹੀ ਸਿੱਖਾਂ ਦੀ ਹਾਰ ਨਿਸ਼ਚਿਤ ਹੋ ਗਈ।

ਅੰਤ, ੭ ਦਸੰਬਰ, ੧੭੧੫ ਈ. ਨੂੰ ਸ਼ਾਹੀ ਫ਼ੌਜਾਂ ਨੇ ਗੜ੍ਹੀ 'ਤੇ ਕਬਜ਼ਾ ਕਰ ਲਿਆ। ਬੰਦਾ ਸਿੰਘ ਬਹਾਦਰ ਦੀ ਗ੍ਰਿਫਤਾਰੀ ਬਾਰੇ ਗੁਰਦੇਵ ਸਿੰਘ (ਦਿਉਲ) ਆਪਣੀ ਪੁਸਤਕ 'ਬੰਦਾ ਬਹਾਦਰ-ਇਕ ਜੀਵਨੀ' ਦੇ ਪੰਨਾ ੭੯ 'ਤੇ ਲਿਖਦਾ ਹੈ ਕਿ ਘੇਰੇ ਵਿਚ ਹੋਣ ਦੇ ਬਾਵਜੂਦ ਵੀ ਬੰਦਾ ਸਿੰਘ ਬਹਾਦਰ ਨੇ ਆਪਣੀ ਗ੍ਰਿਫਤਾਰੀ ਤੋਂ ਪਹਿਲਾਂ ਦੁਸ਼ਮਣ ਦੇ ੫੯ ਸਿਪਾਹੀਆਂ ਨੂੰ ਮੌਤ ਦੇ ਘਾਟ ਉਤਾਰਿਆ। ਬਾਦਸ਼ਾਹੀ ਫ਼ੌਜਾਂ ਦੀ ਜਿੱਤ 'ਤੇ ਟਿੱਪਣੀ ਕਰਦਿਆਂ ਕਮਰ ਖ਼ਾਨ ਲਿਖਦਾ ਹੈ, "ਇਹ ਸਭ ਖ਼ੁਦਾ ਦੀ ਰਹਿਮਤ ਹੀ ਸੀ, ਸਿਆਣਪ ਜਾਂ ਬਹਾਦਰੀ ਨਹੀਂ ਕਿ ਇਹ ਹੋ ਗਿਆ। ..... ਹੁਣ ਇਸ ਕਾਫ਼ਰ ਸਿੱਖ (ਬੰਦਾ ਸਿੰਘ ਬਹਾਦਰ) ਅਤੇ ਉਸ ਦੇ ਕਈ ਹਜ਼ਾਰ ਸਾਥੀਆਂ ਨੂੰ ਭੁੱਖ ਦੇ ਮਾਰੇ ਈਨ ਮੰਨਣੀ ਪਈ ਸੀ।"

ਬੰਦਾ ਸਿੰਘ ਬਹਾਦਰ ਅਤੇ ਲਗਭਗ ੮੦੦ ਸਿੱਖਾਂ ਨੂੰ ਕੈਦ ਕਰ ਕੇ ਜਲੂਸ ਦੀ ਸ਼ਕਲ ਵਿਚ ਲਾਹੌਰ ਲਿਆਂਦਾ ਗਿਆ। ਜਲੂਸ ਦੇ ਅੱਗੇ ਢੋਲ-ਵਾਜਿਆਂ ਵਾਲੇ ਸਨ ਅਤੇ ਨੇਜ਼ਿਆਂ ਉਤੇ ਤਿੰਨ ਹਜ਼ਾਰ ਸਿੱਖਾਂ ਦੇ ਸਿਰ ਟੰਗੇ ਹੋਏ ਸਨ। (ਕਰਮ ਸਿੰਘ ਅਨੁਸਾਰ ਬੰਦਾ ਸਿੰਘ ਬਹਾਦਰ ਨਾਲ ਪਕੜੇ ਗਏ ਸਿੱਖਾਂ ਦੀ ਗਿਣਤੀ ੨੦੦ ਸੀ ਪਰ ਬਾਅਦ ਵਿਚ ਹੋਰ ਨਿਦੋਸ਼ੇ ਸਿੱਖ ਪਕੜੇ ਗਏ ਅਤੇ ਥੋੜ੍ਹੇ ਹੀ ਦਿਨਾਂ ਵਿਚ ਉਨ੍ਹਾਂ ਦੀ ਗਿਣਤੀ ੧੦੦੦ ਦੇ ਲਗਭਗ ਹੋ ਗਈ।) ਸਿੱਖ ਕੈਦੀਆਂ ਨੂੰ ਕੁਝ ਦਿਨਾਂ ਲਈ ਲਾਹੌਰ ਕਿਲ੍ਹੇ ਵਿਚ ਰੱਖਿਆ ਗਿਆ ਅਤੇ ਫਿਰ ਅਤਿ ਖੁਆਰੀ ਦੀ ਹਾਲਤ ਵਿਚ ਜਲੂਸ ਦੀ ਸ਼ਕਲ ਵਿਚ ਦਿੱਲੀ ਲਿਜਾਇਆ ਗਿਆ। ਬੰਦਾ ਸਿੰਘ ਬਹਾਦਰ ਨੂੰ ਸੰਗਲਾਂ ਨਾਲ ਜਕੜ ਕੇ ਇਕ ਲੋਹੇ ਦੇ ਪਿੰਜਰੇ 'ਚ ਕੈਦ ਕਰਕੇ ਇਕ ਹਾਥੀ 'ਤੇ ਬਿਠਾਇਆ ਹੋਇਆ ਸੀ। ਉਸ ਦੇ ਪਿੱਛੇ ਇਕ ਸੈਨਿਕ ਨੰਗੀ ਤਲਵਾਰ ਲਈ ਖੜ੍ਹਾ ਸੀ। ਸਿੱਖਾਂ ਦਾ ਹਰਮਨ ਪਿਆਰਾ ਅੰਗਰੇਜ਼ ਇਤਿਹਾਸਕਾਰ ਕਨਿੰਘਮ, ਸਿੱਖ ਕੈਦੀਆਂ ਦੀ ਦੁਰਗਤ ਨੂੰ ਜੇਤੂਆਂ (ਮੁਗ਼ਲਾਂ) ਵੱਲੋਂ ਕੀਤੀ ਜ਼ਹਾਲਤ ਤੇ ਅੱਧ-ਜੰਗਲੀ ਹਰਕਤ ਕਰਾਰ ਦਿੰਦਾ ਹੈ। ਇਹ ਜਲੂਸ ੨੭ ਫਰਵਰੀ, ੧੭੧੬ ਈ: ਨੂੰ ਦਿੱਲੀ ਵਿਚ ਦਾਖ਼ਲ ਹੋਇਆ। ਬੰਦਾ ਸਿੰਘ ਬਹਾਦਰ ਨਾਲ ਉਸ ਸਮੇਂ ਜਲੂਸ ਵਿਚ ੭੪੦ ਸਿੱਖ ਕੈਦੀ ਸਨ ਪਰ ਵੀਲਰ ਨੇ ਆਪਣੀ ਪੁਸਤਕ 'ਅਰਲੀ ਰਿਕਾਰਡਜ਼ ਆਫ਼ ਬ੍ਰਿਟਿਸ਼ ਇੰਡੀਆ' ਵਿਚ ਇਹ ਸੰਖਿਆ ੭੮੦ ਦਿੱਤੀ ਹੈ।

ਜਦੋਂ ਜਲੂਸ ਕਿਲ੍ਹੇ ਕੋਲ ਪਹੁੰਚਿਆ ਤਾਂ ਬੰਦਾ ਸਿੰਘ ਬਹਾਦਰ ਅਤੇ ਉਸ ਦੇ ਕੁਝ ਮੁੱਖ ਸਾਥੀਆਂ ਜਿਵੇਂ ਭਾਈ ਬਾਜ ਸਿੰਘ, ਭਾਈ ਫ਼ਤਹਿ ਸਿੰਘ ਆਦਿ ਨੂੰ ਤ੍ਰਿਪੋਲੀਏ ਵਿਖੇ ਕੈਦ ਕਰਨ ਲਈ ਇਬਰਾਹੀਮ-ਉਦ-ਦੀਨ ਖ਼ਾਨ ਮੀਰ ਆਤਿਸ਼ ਦੇ ਹਵਾਲੇ ਕਰ ਦਿੱਤਾ ਗਿਆ। ਬਾਕੀਆਂ ਨੂੰ ਸਰਬਰਾਹ ਖ਼ਾਨ ਦੇ ਹਵਾਲੇ ਕੀਤਾ ਗਿਆ। (ਡਾ. ਗੰਡਾ ਸਿੰਘ, ਦਾ ਵਿਚਾਰ ਹੈ ਕਿ ਬੰਦਾ ਸਿੰਘ ਬਹਾਦਰ ਦੀ ਪਤਨੀ, ਉਸ ਦਾ ਚਾਰ ਸਾਲ ਦਾ ਪੁੱਤਰ ਅਜੈ ਸਿੰਘ ਅਤੇ ਬੱਚੇ ਦੀ ਦਾਈ ਨੂੰ ਹਰਮ ਦਾ ਨਾਜ਼ਰ ਦਰਬਾਰ ਖ਼ਾਨ ਲੈ ਗਿਆ।)

੫ ਮਾਰਚ, ੧੭੧੬ ਈ: ਨੂੰ ਸਿੱਖ ਕੈਦੀਆਂ ਦਾ ਕਤਲੇਆਮ ਸ਼ੁਰੂ ਹੋਇਆ। ਹਰ ਰੋਜ਼ ੧੦੦ ਸਿੱਖ ਕਤਲ ਕੀਤੇ ਜਾਂਦੇ ਸਨ। "ਸਿੱਖ ਅਜਿੱਤ ਭਾਵਨਾ ਨਾਲ ਮੌਤ ਨੂੰ ਜੀ ਆਇਆ ਆਖਦੇ, ਖਿੜਵੇਂ ਚਿਹਰੇ ਨਾਲ ਆਪਣਾ ਸਿਰ ਜੱਲਾਦ ਨੂੰ ਭੇਂਟ ਕਰਦੇ ਅਤੇ....।"

(ਗੰਡਾ ਸਿੰਘ, ਬੰਦਾ ਸਿੰਘ ਬਹਾਦਰ, ੧੯੩੫, ਪੰਨਾ ੨੨੫) ੭ ਦਿਨ ਤਕ ਇਹ ਕਹਿਰੀ ਕਤਲੇਆਮ ਜਾਰੀ ਰਿਹਾ ਇਨ੍ਹਾਂ ਕਤਲਾਂ ਤੋਂ ਬਾਅਦ ਤਿੰਨ ਮਹੀਨੇ ਤਕ ਚੁੱਪ ਵਰਤੀ ਰਹੀ। (ਬੰਦਾ ਸਿੰਘ ਬਹਾਦਰ ਅਤੇ ਉਸ ਦੇ ਖ਼ਾਸ ਸਾਥੀਆਂ ਨੂੰ ਤਿੰਨ ਮਹੀਨੇ ਤੱਕ ਡੱਕੀ ਰੱਖਣ ਦਾ ਉਦੇਸ਼ ਸਿੱਖਾਂ ਦੇ ਖ਼ਜ਼ਾਨੇ ਦੀ ਸੂਹ ਲਾਉਣੀ ਸੀ)

**ਬੰਦਾ ਸਿੰਘ ਬਹਾਦਰ ਦੀ ਸ਼ਹਾਦਤ :**

੯ ਜੂਨ, ੧੭੧੬ ਈ: ਨੂੰ ਬਾਬਾ ਬੰਦਾ ਸਿੰਘ ਬਹਾਦਰ ਅਤੇ ਉਨ੍ਹਾਂ ਦੇ ਸਾਥੀਆਂ ਨੂੰ ਕਿਲ੍ਹੇ ਤੋਂ ਬਾਹਰ ਲਿਆਂਦਾ ਗਿਆ। ਬੰਦਾ ਸਿੰਘ ਬਹਾਦਰ ਦੇ ਚੋਣਵੇਂ ਸਾਥੀਆਂ ਵਿਚ ਭਾਈ ਬਾਜ ਸਿੰਘ, ਭਾਈ ਫ਼ਤਹਿ ਸਿੰਘ, ਭਾਈ ਆਲੀ ਸਿੰਘ ਅਤੇ ਭਾਈ ਗੁਲਾਬ ਸਿੰਘ ਮੁੱਖ ਤੌਰ 'ਤੇ ਸ਼ਾਮਲ ਸਨ। ਬਾਬਾ ਜੀ ਦਾ ਚਾਰ ਸਾਲ ਦਾ ਪੁੱਤਰ ਅਜੈ ਸਿੰਘ ਵੀ ਨਾਲ ਹੀ ਸੀ। ਇਨ੍ਹਾਂ ਸਾਰਿਆਂ ਨੂੰ ਇਬਰਾਹੀਮ-ਉਦ-ਦੀਨ ਖ਼ਾਨ ਮੀਰ ਆਤਿਸ਼


www.AKJ.Org

ਅਤੇ ਸਰਬਰਾਹ ਖ਼ਾਨ ਦੀ ਨਿਗਰਾਂਨੀ ਹੇਠ ਇਕ ਜਲੂਸ ਦੀ ਸ਼ਕਲ ਵਿਚ ਕੁਤਬ ਮੀਨਾਰ ਦੇ ਨੇੜੇ ਖ਼ੁਆਜਾ ਕੁਤਬੁਦੀਨ ਬਖ਼ਤਿਆਰ ਕੀਕੀ ਦੇ ਰੋਜ਼ੇ ਪਾਸ ਪਹੁੰਚਾਇਆ ਗਿਆ।

ਬੰਦਾ ਸਿੰਘ ਬਹਾਦਰ ਨੂੰ ਹਾਥੀ ਤੋਂ ਉਤਾਰ ਕੇ ਜ਼ਮੀਨ 'ਤੇ ਬਿਠਾ ਦਿੱਤਾ ਗਿਆ ਅਤੇ ਉਸ ਨੂੰ ਇਸਲਾਮ ਜਾਂ ਮੌਤ ਵਿਚੋਂ ਇਕ ਨੂੰ ਚੁਣਨ ਲਈ ਕਿਹਾ ਗਿਆ। ਬਾਬਾ ਜੀ ਨੇ ਸ਼ਹਾਦਤ ਦਾ ਰਾਹ ਚੁਣਿਆ, ਕਿਉਂ ਜੋ ਉਹ ਗੁਰੂ ਗੋਬਿੰਦ ਸਿੰਘ ਦੇ ਇਕ ਸੱਚੇ ਮੁਰੀਦ ਸਨ। ਬੰਦਾ ਸਿੰਘ ਬਹਾਦਰ ਨੂੰ ਸ਼ਹੀਦੀ-ਜਾਮ ਪਿਲਾਉਣ ਤੋਂ ਪਹਿਲਾਂ ਉਨ੍ਹਾਂ ਦੇ ਪੁੱਤਰ ਅਜੈ ਸਿੰਘ ਨੂੰ ਕਤਲ ਕਰ ਕੇ ਉਸ ਦਾ ਧੜਕਦਾ ਦਿਲ ਬਾਬਾ ਜੀ ਦੇ ਮੂੰਹ ਵਿਚ ਤੁੰਨਿਆ ਗਿਆ। ਫਿਰ ਜੱਲਾਦ ਨੇ ਸਭ ਤੋਂ ਪਹਿਲਾਂ ਬਾਬਾ ਜੀ ਦੀਆਂ ਅੱਖਾਂ ਕੱਢੀਆਂ। ਹੱਥ-ਪੈਰ ਵੱਢਣ ਉਪਰੰਤ ਭਖਦੇ ਹੋਏ ਲਾਲ ਗਰਮ ਜੰਬੂਰਾਂ ਨਾਲ ਸਰੀਰ ਤੋਂ ਮਾਸ ਨੋਚਿਆ ਗਿਆ। ਅੰਤ ਵਿਚ ਸਿਰ ਨੂੰ ਧੜ ਤੋਂ ਵੱਖ ਕਰ, ਸਰੀਰ ਦੇ ਟੁਕੜੇ-ਟੁਕੜੇ ਕਰ ਦਿੱਤੇ। ਇਹ ਸ਼ਹੀਦੀ ਸਾਕਾ ਬਾਦਸ਼ਾਹ ਫ਼ਰਖ਼ਸੀਅਰ ਦੇ ਰਾਜ-ਕਾਲ ਦੌਰਾਨ ਵਾਪਰਿਆ।

ਬੰਦਾ ਸਿੰਘ ਬਹਾਦਰ ਦੀ ਲਾਸਾਨੀ ਸ਼ਹਾਦਤ ਦਾ ਭਿਆਨਕ ਦ੍ਰਿਸ਼ ਡਾ. ਗੰਡਾ ਸਿੰਘ ਇਉਂ ਚਿਤਰਦਾ ਹੈ, "ਪਹਿਲਾਂ ਬੁੱਚੜ ਨੇ ਛੁਰੇ ਦੀ ਨੋਕ ਨਾਲ ਉਸ ਦੀ ਸੱਜੀ ਅੱਖ ਕੱਢੀ ਅਤੇ ਫਿਰ ਖੱਬੀ। ਉਸ ਤੋਂ ਬਾਅਦ ਉਸ ਦਾ ਖੱਬਾ ਪੈਰ ਕੱਟਿਆ, ਫਿਰ ਉਸ ਦੇ ਦੋਵੇਂ ਹੱਥ ਸਰੀਰ ਤੋਂ ਅਲੱਗ ਕੀਤੇ ਗਏ। ਤਦ ਭਖਦੀਆਂ ਸਲਾਖਾਂ ਨਾਲ ਉਸ ਦਾ ਮਾਸ ਟੋਟੇ-ਟੋਟੇ ਕੀਤਾ ਗਿਆ ਅਤੇ ਅੰਤ ਵਿਚ ਸਿਰ ਲਾਹਿਆ ਗਿਆ ਅਤੇ ਉਸ ਦਾ ਅੰਗ-ਅੰਗ ਕੱਟ ਦਿੱਤਾ ਗਿਆ।" (ਇਹ ਹਵਾਲਾ ਗੰਡਾ ਸਿੰਘ ਦੀ ਪੁਸਤਕ 'ਬੰਦਾ ਸਿੰਘ ਬਹਾਦਰ', ਅੰਮ੍ਰਿਤਸਰ ੧੯੩੫, ਪੰਨਾ ੨੩੩-੩੪ ਤੋਂ ਲਿਆ ਗਿਆ ਹੈ।)

ਖ਼ਾਫ਼ੀ ਖ਼ਾਨ, ਜਿਸ ਨੇ ਬੰਦਾ ਸਿੰਘ ਬਹਾਦਰ ਦੀ ਸ਼ਹਾਦਤ ਦਾ ਨਜ਼ਾਰਾ ਆਪਣੀ ਅੱਖੀਂ ਡਿੱਠਾ ਸੀ, 'ਮੁਤਾਖਿਬ-ਉਲ-ਲਬਾਬ ਵਿਚ ਲਿਖਦਾ ਹੈ, "ਬਹੁਤ ਕੁਝ ਐਸਾ ਵਾਪਰਿਆ ਹੈ, ਜਿਸ ਉਪਰ ਚਸ਼ਮਦੀਦ ਗਵਾਹ ਤੋਂ ਇਲਾਵਾ ਕੋਈ ਸ਼ਾਇਦ ਯਕੀਨ ਨਾ ਕਰੇ।"

ਇਸ ਤਰ੍ਹਾਂ ਬਾਬਾ ਬੰਦਾ ਸਿੰਘ ਬਹਾਦਰ ਨੇ ਗੁਰੂ ਗੋਬਿੰਦ ਸਿੰਘ ਜੀ ਦੇ ਮਿਸ਼ਨ ਦੀ ਪੂਰਤੀ ਲਈ ਆਪਣਾ ਸਭ ਕੁਝ ਕੁਰਬਾਨ ਕਰ ਦਿੱਤਾ : ਬੋਟੀ ਬੋਟੀ ਹੋ ਗਿਆ, ਸਿੱਖੀ ਨਹੀਂ ਸੂਰਮੇ ਹਾਰੀ। ਵਿਰਲੇ ਜੰਮਣ ਜੱਗ 'ਤੇ ਇਹੋ ਜਿਹੇ 'ਚਾਤਰ' ਉਪਕਾਰੀ- ਹਰਸਾ ਸਿੰਘ 'ਚਾਤਰ'। ਇਸ ਤਰ੍ਹਾਂ ਸਿੱਖ ਸ਼ਹੀਦੀ ਪਰੰਪਰਾ ਵਿਚ ਬੰਦਾ ਸਿੰਘ ਬਹਾਦਰ ਦਾ ਨਾਂ ਸਦਾ ਇਕ ਰੋਸ਼ਨ ਸਿਤਾਰੇ ਵਾਂਗ ਚਮਕਦਾ ਰਹੇਗਾ ਅਤੇ ਆਉਣ ਵਾਲੀਆਂ ਨਸਲਾਂ ਉਸ ਤੋਂ ਸੇਧ ਲੈਂਦੀਆਂ ਰਹਿਣਗੀਆਂ। ——————

(ਪੰਨਾ ੩੧ ਦਾ ਬਾਕੀ ....)

ਭੇਖ ਨ ਪਿਯਾਰੋ ਮੋਹਿ ਕੋ, ਵਰਨ ਨਹੀ ਪ੍ਰਿਨ ਕਾਹਿ॥

ਰਹਤ ਸੋ ਪਿਆਰੀ ਮੋਹਿ ਕਉ ਸਿਦਕ ਮਹਾਂ ਪ੍ਰਿਨ ਆਹਿ॥੫੦॥(ਗੁਰੂ ਪ੍ਰਤਾਪ ਸੂਰਜ, ਰੁਤ ੫ ਅੰਸੂ ੩੮)

ਸਾਨੂੰ ਚਾਹੀਦਾ ਹੈ ਜਿੰਨੀ ਉਮਰ ਅਸੀਂ ਭੋਗ ਚੁੱਕੇ ਉਹ ਗਵਾ ਚੁੱਕੇ ਹਾਂ, ਹੁਣ ਰਹਿੰਦੇ ਸੁਆਸਾਂ ਨੂੰ ਪਿਆਰਿਆਂ ਪਾਸੋਂ ਅੰਮ੍ਰਿਤ ਦੀ ਦਾਤ ਪ੍ਰਾਪਤ ਕਰਕੇ, ਪੰਜਾਂ ਪਿਆਰਿਆਂ ਵਲੋਂ ਦੱਸੀ ਰਹਤ ਤੇ ਗੁਰਬਾਣੀ/ਗੁਰ ਸਿੱਖਿਆ ਨੂੰ ਆਪਣੇ ਅਸਲੀ ਜੀਵਨ ਵਿਚ ਲਿਆ ਮਾਨਸ ਜਨਮ ਦਾ ਲਾਹਾ ਖੱਟ ਸਕੀਏ। ਜਿਸ ਨਾਲ ਸਾਡਾ ਲੋਕ ਤੇ ਪ੍ਰਲੋਕ ਸੁਹੇਲਾ ਹੋ ਜਾਵੇ। ——————

## ਅਰਦਾਸ

(ਸ: ਤੇਗ ਬਹਾਦਰ ਸਿੰਘ ਤੇਗ)

ਹੇ ਸਤਿਗੁਰੂ ! ਮੈਨੂੰ ਤਾਂ ਸਿਰਫ ਤੇਰੀ ਛਤਰ ਛਾਇਆ ਚਾਹੀਦੀ ਹੈ।
ਗ੍ਰਿਹਸਥੀ ਚਲਾਉਣ ਲਈ ਗੁਜ਼ਾਰੇ ਜੋਗੀ ਤਾਂ ਮਾਇਆ ਚਾਹੀਦੀ ਹੈ।
ਐਨੀ ਮਾਇਆ ਨਾ ਬਖਸ਼ ਦਈਂ ਦਾਤਾ ਕਿਧਰੇ ਬਿਕਾਰ ਖੜੇ ਹੋ ਜਾਵਣ।
ਜਿਨ੍ਹਾਂ ਚਿਰ ਜਿਉਣੈ, ਨਾਮ ਜਪਣ ਨੂੰ, ਤੰਦਰੁਸਤ ਕਾਇਆ ਚਾਹੀਦੀ ਹੈ।



www.AKJ.Org

# ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ
(ਸੰਖੇਪ ਜੀਵਨ ਝਲਕੀਆਂ)

*(ਸ੍ਰ: ਰੂਪ ਸਿੰਘ)*

### *ਸਤਿਗੁਰ ਸਾਚੈ ਦੀਆ ਭੇਜਿ*

ਮੀਰੀ-ਪੀਰੀ ਦੇ ਮਾਲਕ, ਸਾਹਿਬ ਸ੍ਰੀ ਗੁਰੂ ਹਰਗੋਬਿੰਦ ਜੀ ਦਾ ਪ੍ਰਕਾਸ਼ ਅਕਾਲ ਪੁਰਖ ਦੀ ਬਖਸ਼ਿਸ਼ ਸਦਕਾ ਪੰਚਮ ਪਾਤਸ਼ਾਹ ਗੁਰੂ ਅਰਜ਼ਨ ਦੇਵ ਜੀ ਦੇ ਘਰ ਮਾਤਾ ਗੰਗਾ ਜੀ ਦੇ ਉਦਰ ਤੋਂ ੧੯ ਜੂਨ, ੧੫੯੫ ਈ: ਨੂੰ ਵਡਾਲੀ, ਸ੍ਰੀ ਅੰਮ੍ਰਿਤਸਰ ਵਿਖੇ ਹੋਇਆ। ਸੰਗਤਾਂ ਨੇ ਵਾਹਿਗੁਰੂ ਦੀ ਬਖਸ਼ਿਸ਼ ਦਾ ਧੰਨਵਾਦ ਕੀਤਾ ਅਤੇ ਖੁਸ਼ੀਆਂ ਮਨਾਈਆਂ। ਗੁਰੂ ਅਰਜਨ ਦੇਵ ਜੀ ਦਾ ਵੱਡੇ ਭਰਾ ਪ੍ਰਿਥੀ ਚੰਦ ਜੋ ਆਪਣੇ ਆਪ ਨੂੰ ਪਹਿਲਾਂ ਹੀ ਗੁਰਗੱਦੀ ਦਾ ਵਾਰਸ ਸਮਝਦਾ ਸੀ, ਇਸ ਆਸ ਅਧੀਨ ਜੀਅ ਰਿਹਾ ਸੀ ਕਿ ਗੁਰੂ ਅਰਜਨ ਦੇਵ ਜੀ ਦੀਂ ਕੋਈ ਸੰਤਾਨ ਨਹੀਂ ਤੇ ਗੁਰੂ ਅਰਜਨ ਦੇਵ ਜੀ ਦੇ ਪਿੱਛੋਂ ਉਸ ਦਾ ਪੁੱਤਰ ਮਿਹਰਵਾਨ ਗੁਰਗੱਦੀ ਤੇ ਬਿਰਾਜਮਾਨ ਹੋਵੇਗਾ।(ਗੁਰੂ) ਹਰਿਗੋਬਿੰਦ ਜੀ ਦੇ ਪ੍ਰਕਾਸ਼ ਨਾਲ ਉਸਦੀਆਂ ਆਸਾਂ-ਉਮੀਦਾਂ ਤੇ ਪਾਣੀ ਫਿਰ ਗਿਆ ਤੇ ਉਹ ਈਰਖਾ, ਕਰੋਧ ਦੀ ਅੱਗ ਵਿਚ ਸੜਨ ਲੱਗ ਪਿਆ। ਉਸ ਨੇ ਆਪਣੀਆਂ ਉਮੰਗਾਂ ਨੂੰ ਪੂਰਿਆਂ ਕਰਨ ਲਈ ਹਰ ਨੀਚ ਤੋਂ ਨੀਚ ਕਰਮ ਕੀਤਾ, ਜਿਸ ਦੀ ਕਿ ਕਿਸੇ ਸਭਿਅਕ ਮਨੁੱਖ ਅਤੇ ਭਾਈ-ਮਿੱਤਰ, ਵੀਰ ਤੋਂ ਆਸ ਨਹੀਂ ਕੀਤੀ ਜਾ ਸਕਦੀ।

### *ਗੁਰ ਪੂਰੇ ਰਾਖਿਆ ਦੇ ਹਾਥ*

(ਗੁਰੂ) ਹਰਿਗੋਬਿੰਦ ਸਾਹਿਬ ਨੂੰ ਮਾਰ-ਮੁਕਾਉਣ ਲਈ ਪ੍ਰਿਥੀਏ ਨੇ ਕਈ ਸਾਜ਼ਿਸ਼ਾਂ ਰਚੀਆਂ। ਸੱਭ ਤੋਂ ਪਹਿਲਾਂ ਦਾਈ ਰਾਹੀਂ ਬੱਚੇ ਨੂੰ ਜ਼ਹਿਰ ਦੇਣ ਦਾ ਯਤਨ ਕੀਤਾ ਗਿਆ। ਪਰ *"ਜਿਸ ਦਾ ਸਾਹਿਬ ਡਾਢਾ ਹੋਇ–ਤਿਸ ਨੋ ਮਾਰਿ ਨ ਸਾਕੈ ਕੋਇ"* ਦੇ ਮਹਾਂਵਾਕ ਅਨੁਸਾਰ ਬਾਲਕ ਹਰਿਗੋਬਿੰਦ ਨੇ ਦੁੱਧ ਹੀ ਨਾ ਪੀਤਾ- ਇਸ ਤਰ੍ਹਾਂ ਪ੍ਰਿਥੀ ਚੰਦ ਦੀ ਪਹਿਲੀ ਸਾਜ਼ਿਸ਼ ਬੇਕਾਰ ਹੋ ਗਈ।

ਦੂਸਰੀ ਵਾਰ ਪ੍ਰਿਥੀ ਚੰਦ ਨੇ ਸਪੇਰੇ ਰਾਹੀਂ ਹਰਿਗੋਬਿੰਦ ਜੀ ਨੂੰ ਮਾਰਨਾ ਚਾਹਿਆ। ਸਪੇਰੇ ਨੂੰ ਸਿਖਾਇਆ ਗਿਆ ਕਿ ਸੱਪਾ ਦਾ ਤਮਾਸ਼ਾ ਦਿਖ਼ਾਏ ਤੇ ਸਿਖਾਇਆ ਹੋਇਆ ਸੱਪ ਹਰਿਗੋਬਿੰਦ ਨੂੰ ਡੱਸ ਦੇਵੇ। ਜਦ ਮਾਂਦਰੀ ਨੇ ਤਮਾਸ਼ਾ ਸ਼ੁਰੂ ਕੀਤਾ ਤਾਂ ਬਾਲਕ ਨੇ ਸੱਪ ਨੂੰ ਹੱਥ ਦੀ ਮੁੱਠੀ ਵਿਚ ਪੱਕੜ ਲਿਆ ਤੇ ਸੱਪ ਵਲ ਖਾ ਕੇ ਥਾਂ ਤੇ ਹੀ ਖਤਮ ਹੋ ਗਿਆ। ਸਪੇਰੇ ਨੇ ਬਾਅਦ ਵਿਚ ਸੱਭ ਸੱਚ ਦੱਸ ਦਿੱਤਾ। ਗੁਰੂ ਅਰਜਨ ਦੇਵ ਜੀ ਨੇ ਮਾਤਾ ਜੀ ਤੇ ਗੁਰੂ ਹਰਿਗੋਬਿੰਦ ਜੀ ਨੂੰ ਵਡਾਲੀ ਤੋਂ ਅੰਮ੍ਰਿਤਸਰ ਬੁਲਾ ਲਿਆ। ਕੁਦਰਤੀ ਅੰਮ੍ਰਿਤਸਰ ਵਿਚ ਉਨ੍ਹੀਂ ਦਿਨੀਂ ਚੇਚਕ ਦੀ ਬਿਮਾਰੀ ਫੈਲੀ ਹੋਈ ਸੀ, ਜਿਸ ਦਾ ਅਸਰ ਹਰਿਗੋਬਿੰਦ ਜੀ ਤੇ ਵੀ ਹੋ ਗਿਆ, ਜਿਸ ਨਾਲ ਮਾਤਾ ਜੀ ਨੂੰ ਚਿੰਤਾ ਹੋ ਗਈ। ਅਕਾਲ ਪੁਰਖ ਦੀ ਕਿਰਪਾ ਸਦਕਾ ਹਰਿਗੋਬਿੰਦ ਜੀ ਠੀਕ ਹੋ ਗਏ। ਗੁਰੂ ਅਰਜਨ ਪਾਤਸ਼ਾਹ ਨੇ ਸ਼ੁਕਰਾਨੇ ਵਜੋਂ ਸ਼ਬਦ ਉਚਾਰਿਆ:

ਸਦਾ ਸਦਾ ਹਰਿ ਜਾਪੇ॥ ਪ੍ਰਭ ਬਾਲਕ ਰਾਖੇ ਆਪੇ॥
ਸੀਤਲਾ ਠਾਕਿ ਰਹਾਈ॥ਬਿਘਨ ਗਏ ਹਰਿ ਨਾਈ॥੧॥
ਮੇਰਾ ਪ੍ਰਭੁ ਹੋਆ ਸਦਾ ਦਇਆਲਾ॥
ਅਰਦਾਸਿ ਸੁਣੀ ਭਗਤ ਅਪੁਨੇ ਕੀ,
ਸਭ ਜੀਅ ਭਇਆ ਕਿਰਪਾਲਾ॥ਰਹਾਉ॥ (ਪੰਨਾ ੬੨੭)

ਫੇਰ ਪ੍ਰਿਥੀ ਚੰਦ ਨੇ ਬ੍ਰਾਹਮਣ ਨੂੰ ਇਸ ਗੱਲ ਲਈ ਮਨਾਇਆ ਕਿ ਉਹ ਗੁਰੂ ਹਰਿਗੋਬਿੰਦ ਸਾਹਿਬ ਜੀ ਨੂੰ ਦਹੀਂ ਵਿਚ ਜ਼ਹਿਰ ਰਲਾ ਕੇ ਖਵਾ ਦੇਵੇ। ਪਰ ਬ੍ਰਾਹਮਣ ਦਾ ਪਾਜ ਉਜੜ ਗਿਆ। ਇਸ ਘਟਨਾ ਸੰਬੰਧੀ ਵੀ ਸੰਕੇਤ ਗੁਰਬਾਣੀ ਵਿਚ ਅੰਕਿਤ ਹੈ:

ਲੇਪੁ ਨ ਲਾਗੋ ਤਿਲ ਕਾ ਮੂਲਿ॥ ਦੁਸਟੁ ਬ੍ਰਾਹਮਣੁ ਮੂਆ ਹੋਇ ਕੈ ਸੂਲ॥੧॥
ਹਰਿ ਜਨ ਰਾਖੇ ਪਾਰਬ੍ਰਹਮਿ ਆਪਿ॥ ਪਾਪੀ ਮੂਆ ਗੁਰ ਪਰਤਾਪਿ॥੧॥ ਰਹਾਉ॥ (ਪੰਨਾ ੧੧੩੭)


www.AKJ.Org

*ਬਾਲ ਸਰੂਪ ਤੇ ਵਿਦਿਆ*

ਜਦ ਦੁਸ਼ਮਣਾਂ ਦੀਆਂ ਸਾਰੀਆ ਸਾਜ਼ਿਸ਼ਾ ਤੋਂ 'ਕਰਤਾ ਪੁਰਖ' ਨੇ ਬਾਲਕ ਹਰਿਗੋਬਿੰਦ ਨੂੰ ਹੱਥ ਦੇ ਕੇ ਰੱਖ ਲਿਆ ਤਾ ਉਨ੍ਹਾਂ ਨੂੰ ਗੁਰੂ-ਪਿਤਾ ਵਲੋਂ ਵਿਦਿਆ ਦੇਣ ਦਾ ਸੁਚੱਜਾ ਪ੍ਰਬੰਧ ਕੀਤਾ ਗਿਆ। ਇਸ ਕਾਰਜ ਦੀ ਦੇਖ-ਰੇਖ ਬਾਬਾ ਬੁੱਢਾ ਜੀ ਨੂੰ ਸੌਂਪੀ ਗਈ। ਅੱਖਰੀ ਗਿਆਨ ਤੋਂ ਇਲਾਵਾ ਘੋੜ ਸਵਾਰੀ, ਨੇਜ਼ਾਬਾਜ਼ੀ, ਬੰਦੂਕ ਆਦਿ ਸ਼ਸ਼ਤਰਾ ਨੂੰ ਚਲਾਉਣ ਵਿਚ ਗੁਰੂ ਜੀ ਨੇ ਜਲਦੀ ਪ੍ਰਬੀਨਤਾ ਹਾਸਲ ਕਰ ਲਈ।

*ਅਰਜੁਨ ਕਾਇਆ ਪਲਟਿ ਕੈ ਮੂਰਤਿ ਹਰਿਗੋਬਿੰਦ ਸਵਾਰੀ*

ਸ਼ਾਂਤੀ ਦੇ ਪੁੰਜ, ਬਾਣੀ ਦੇ ਬੋਹਿਤ ਪੰਚਮ ਪਾਤਸ਼ਾਹ ਗੁਰੂ ਅਰਜਨ ਦੇਵ ਜੀ ਨੂੰ ੩੦ ਮਈ, ੧੬੦੬ ਈ: ਨੂੰ ਲਾਹੌਰ ਸ਼ਹੀਦ ਕਰ ਦਿੱਤਾ। ਗੁਰੂ-ਪਿਤਾ, ਗੁਰੂ ਅਰਜਨ ਦੇਵ ਜੀ ਨੇ ਲਾਹੌਰ ਜਾਣ ਤੋਂ ਪਹਿਲਾ ਗੁਰੂ ਹਰਿਗੋਬਿੰਦ ਨੂੰ ਆਦੇਸ਼ ਦਿੱਤਾ, 'ਬੱਚਾ ਹੁਣ ਸ਼ਸਤਰ ਪਹਿਨਣੇ ਹਨ ਅਤੇ ਤਦ ਤੱਕ ਡੱਟੇ ਰਹਿਣਾ ਜਦ ਤੱਕ ਜ਼ਾਲਮ-ਜ਼ੁਲਮ ਕਰਨਾ ਛੱਡ ਨਾ ਦੇਵੇ।'

ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਤੋਂ ਪਿੱਛੋਂ ਗੁਰੂ-ਪਿਤਾ ਵਲੋਂ ਕੀਤੇ ਹੁਕਮ ਅਨੁਸਾਰ ਗੁਰਿਆਈ ਦੀ ਜ਼ਿੰਮੇਵਾਰੀ ਗੁਰੂ ਹਰਿਗੋਬਿੰਦ ਜੀ ਨੇ ਸੰਭਾਲੀ। ਭਾਈ ਗੁਰਦਾਸ ਜੀ ਨੇ ਸਪੱਸ਼ਟ ਕੀਤਾ ਹੈ ਕਿ ਕੇਵਲ ਕਾਇਆ ਹੀ ਬਦਲੀ ਜੋਤਿ ਓਹੀ ਰਹੀ- ਗੁਰੂ ਅਰਜਨ ਦੇਵ ਜੀ ਹੀ, ਗੁਰੂ ਹਰਿਗੋਬਿੰਦ ਰੂਪ ਹੋ ਗਏ। ਗੁਰਮਤਿ ਵਿਚ ਆਰੰਭ ਹੋਣ ਤੋਂ ਹੀ ਬਲ ਗੁਰੂ ਸ਼ਬਦ-ਗੁਰਬਾਣੀ ਉਤੇ ਹੈ, ਕਾਇਆ ਅਥਵਾ ਸਰੀਰ 'ਤੇ ਨਹੀਂ। ਸਰੀਰ ਦੀ ਪੂਜਾ ਨਹੀਂ ਜੋਤਿ ਦੀ ਹੈ। ਗੁਰਬਾਣੀ ਦਾ ਪਾਵਨ ਫ਼ੁਰਮਾਨ ਹੈ:-

> ਜੋਤਿ ਓਹਾ ਜੁਗਤਿ ਸਾਇ ਸਹਿ ਕਾਇਆ ਫੇਰਿ ਪਲਟੀਐ ॥ (ਪੰਨਾ ੯੬੬)

ਭਾਈ ਗੁਰਦਾਸ ਜੀ ਨੇ ਸਪਸ਼ਟ ਕੀਤਾ:

> ਪੰਜਿ ਪਿਆਲੇ ਪੰਜੁ ਪੀਰ ਛਠਮ ਪੀਰੁ ਬੈਠਾ ਗੁਰੁ ਭਾਰੀ।
> ਅਰਜਨੁ ਕਾਇਆ ਪਲਟਿ ਕੈ ਮੂਰਤਿ ਹਰਗੋਬਿੰਦ ਸਵਾਰੀ। (ਵਾਰ ੧:੪੮)

ਗੁਰੂ ਹਰਗੋਬਿੰਦ ਜੀ ਨੇ ਸਮੇਂ ਦੀ ਨਜ਼ਾਕਤ ਨੂੰ ਪਹਿਚਾਣਦਿਆਂ ਹੋਇਆਂ ਅਜਿਹੀ ਫ਼ੌਜ ਸਾਜਣ ਦਾ ਨਿਸਚਾ ਕੀਤਾ ਜੋ ਕਿਸੇ ਖ਼ਤਰੇ ਤੋਂ ਨਾ ਡਰੇ। ਅਨਾਥਾਂ, ਗਰੀਬਾ ਤੇ ਮਜ਼ਲੂਮਾ ਦੀ ਰਾਖੀ ਅਤੇ ਜ਼ਾਲਮਾਂ ਨੂੰ ਸੋਧਣ ਲਈ ਹੀ ਸੂਰਬੀਰਾਂ ਦੀ ਤਲਵਾਰ ਨਿਕਲੇ ਪਰ ਸੂਰਬੀਰਾਂ ਦੀ ਤਲਵਾਰ ਗੁੱਸੇ ਜਾਂ ਨਫਰਤ ਵਿਚ ਕਦੇ ਨਾ ਨਿਕਲੇ।

*ਦੋ ਤਲਵਾਰੀ ਬੱਧੀਆਂ*

ਨੇਕੀ-ਪਰਉਪਕਾਰ ਬਿਰਤੀ ਨਾਲ ਤਲਵਾਰ ਦੀ ਵਰਤੋਂ ਜਾਇਜ਼ ਹੈ, ਫਿਰ ਤਲਵਾਰ, ਤਲਵਾਰ ਨਹੀਂ ਰਹਿੰਦੀ ਸਗੋਂ 'ਕਿਰਪਾਨ' ਹੋ ਜਾਂਦੀ ਹੈ। ਜਦ ਹਾਕਮ ਤਾਕਤ ਦੇ ਨਸ਼ੇ ਵਿਚ ਮਦਹੋਸ਼ ਹੋ ਕੇ, ਹਰ-ਚੰਗੇ ਮਾੜੇ 'ਤੇ ਕਹਿਰਵਾਨ ਹੋਵੇ ਤਾ ਉਸ ਨੂੰ ਸੋਧਣਾ ਜਰੂਰੀ ਹੋ ਜਾਂਦਾ ਹੈ। ਮਾਰਖੋਰ ਪਸ਼ੂ ਤੇ ਪਾਗਲ ਕੁੱਤੇ ਦਾ ਇਲਾਜ ਕੇਵਲ ਉਸ ਨੂੰ ਮਾਰਨ ਵਿਚ ਹੀ ਹੈ, ਨਹੀਂ ਤਾਂ ਉਹ ਹੋਰ ਜ਼ਹਿਰ ਫੈਲਾਏਗਾ। ਇਸ ਤਰ੍ਹਾਂ ਮਨੁੱਖਤਾ ਦੀ ਭਲਾਈ, ਨੇਕੀ ਪਰਉਪਕਾਰ ਲਈ- ਪਰਉਪਕਾਰੀ ਬਿਰਤੀ ਨਾਲ ਤਾਕਤ ਦੀ ਵਰਤੋਂ ਕਰਨੀ 'ਹਿੰਸਾ' ਨਹੀਂ, ਅਹਿੰਸਾ ਹੀ ਹੈ।

ਸਿੱਖ ਧਰਮ ਦੀ ਆਮਦ ਤੋਂ ਪਹਿਲਾ ਭਾਰਤ ਵਿਚ ਦੋ ਧਾਰਮਿਕ ਪਰਵਿਰਤੀਆਂ ਪ੍ਰਮੁੱਖ ਸਨ- ਇਕ ਨਿਰੋਲ ਅਹਿੰਸਾਵਾਦੀ ਤੇ ਦੂਸਰੀ ਜ਼ਹਾਦੀ। ਅਹਿੰਸਾਵਾਦੀ ਸਾਹ-ਸਤ ਹੀਨ ਹੋ ਚੁਕੇ ਸਨ। ਉਨ੍ਹਾਂ ਨੂੰ ਧਰਮ, ਇਜ਼ਤ ਨਾਲ ਪ੍ਰਤੀਤ ਨਹੀਂ ਸੀ। ਬਸ ਉਹ ਅਹਿੰਸਾ ਨੂੰ ਧਰਮ ਸਮਝ ਬੈਠੇ ਸਨ- ਤੇ ਦੂਸਰੇ ਪਾਸੇ ਜ਼ਹਾਦੀ ਤਾਕਤ ਤੇ ਨਸ਼ੇ ਵਿਚ ਧਰਮ ਤੇ ਸ਼ਕਤੀ ਦੀ ਦੁਰ-ਵਰਤੋਂ ਕਰ ਰਹੇ ਸਨ। ਇਕ ਬੁਜ਼ਦਿਲ ਤੇ ਨਿਤਾਣੇ ਸਨ, ਜਦਕਿ ਦੂਸਰੇ ਜ਼ਾਬਰ ਤੇ ਨਿਰਦਈ ਸਨ। ਧਰਮ ਤੇ ਸ਼ਕਤੀ ਨੂੰ ਇੱਕਠਿਆ ਕਰਦਿਆਂ ਗੁਰੂ ਨਾਨਕ ਦੇਵ ਜੀ ਨੇ ਸਪਸ਼ਟ ਕਿਹਾ ਕਿ ਜੇਕਰ ਸ਼ਕਤੀਸ਼ਾਲੀ, ਸ਼ਕਤੀਸ਼ਾਲੀ ਨੂੰ ਮਾਰੇ ਤਾਂ ਕੋਈ ਗੱਲ ਨਹੀਂ ਪਰ ਇਕ ਨਿਰਬਲ ਹੋਵੇ ਤੇ ਦੂਸਰਾ ਜਾਬਰ, ਤਾਂ ਇਹ ਮੁਕਾਬਲਾ ਠੀਕ ਨਹੀਂ- ਇਸ ਦੀ ਜਿੱਤ ਹਾਰ ਦਾ ਜ਼ਿੰਮੇਵਾਰ ਖੁਦ ਪਰਮਾਤਮਾ ਆਪ ਹੀ ਹੈ:

> ਜੋ ਸਕਤਾ ਸਕਤੇ ਕਉ ਮਾਰੇ ਤਾ ਮਨਿ ਰੋਸੁ ਨ ਹੋਈ ॥੧॥ ਰਹਾਉ ॥
> ਸਕਤਾ ਸੀਹੁ ਮਾਰੇ ਪੈ ਵਗੈ ਖਸਮੈ ਸਾ ਪੁਰਸਾਈ ॥ (ਪੰਨਾ ੩੬੦)



www.AKJ.Org

ਗੁਰੂ ਸਾਹਿਬਾਨ ਨੇ ਸਭ ਤੋਂ ਵੱਡੀ ਕਰਾਮਾਤ ਹੀ ਇਹੀ ਕੀਤੀ ਕਿ ਧਰਮ ਅਤੇ ਸ਼ਕਤੀ ਨੂੰ ਇਕ ਥਾਂ ਇੱਕਠਾ ਕਰ ਦਿੱਤਾ। ਜੇਕਰ ਮਨੁੱਖ ਇਕ ਸਮੇਂ ਸੰਤ ਹੈ ਤਾਂ ਉਹ ਉਸ ਸਮੇਂ ਹੀ ਦੁਸ਼ਮਣ ਲਈ 'ਫ਼ੌਜੀ ਸਿਪਾਹੀ' ਵੀ ਹੈ। ਇਸ ਧਰਮ ਨੂੰ ਪੌਾਲਦਿਆਂ ਹੋਇਆ ਗੁਰੂ ਹਰਿਗੋਬਿੰਦ ਜੀ ਨੇ ਦੋ ਤਲਵਾਰਾਂ ਧਾਰਨ ਕੀਤੀਆਂ- ਇਕ ਮੀਰੀ ਦੀ ਇਕ ਪੀਰੀ ਦੀ, ਇਕ ਧਰਮ ਸੱਤਾ ਦੀ ਪ੍ਰਤੀਕ ਸੀ ਤੇ ਦੂਸਰੀ ਰਾਜ-ਸੱਤਾ ਦੀ। ਇਕ ਸੰਤਤਾਈ ਨੂੰ ਪ੍ਰਗਟ ਕਰਦੀ ਸੀ ਤੇ ਦੂਸਰੀ ਸਿਪਾਹੀ-ਬਿਰਤੀ ਨੂੰ।

ਵਿਸ਼ੇਸ਼ ਗੱਲ ਇਹ ਹੈ ਕਿ ਇਹ ਸਿੱਖ ਧਰਮ ਦੇ ਅਸੂਲਾ ਤੋਂ ਵਿਰੁੱਧ ਨਹੀਂ ਸੀ ਸਗੋਂ ਇਹ ਤਾਂ ਸਿਧਾਤ ਦਾ ਅਮਲੀ ਰੂਪ ਵਿਚ ਪ੍ਰਗਟ ਹੋਣਾ ਸੀ। ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਸਮੇਂ ਦੀ ਨਜ਼ਾਕਤ ਨੂੰ ਪਹਿਚਾਣਦਿਆਂ ਹੋਇਆਂ ਸੰਤ-ਸਿਪਾਹੀ ਬਾਣਾ ਧਾਰਨ ਕੀਤਾ। ਸਮੇਂ ਦੀ ਬਾਦਸ਼ਾਹ ਨੂੰ ਸੰਤ ਬਾਣਾ ਤੇ ਸ਼ਾਹੀ ਲਿਬਾਸ ਇਕ ਥਾਂ ਨਹੀਂ ਸਨ ਭਾਉਂਦੇ। ਉਸ ਨੂੰ ਸ਼ੱਕ ਹੋਣਾ ਤਾਂ ਸੁਭਾਵਿਕ ਸੀ ਪਰ ਕੁਝ ਸਿੱਖ ਵੀ ਇਸ ਨੂੰ ਸਮਝ ਨਾ ਸਕੇ ਕਿ ਸ਼ਸਤਰਧਾਰੀ ਹੋਣਾ, ਘੋੜੇ ਰੱਖਣੇ, ਸ਼ਿਕਾਰ ਖ਼ੇਡਣਾ ਪਹਿਲੀ ਰੀਤ ਨਾਲ ਮਿਲਦਾ ਨਹੀਂ। ਭਾਈ ਗੁਰਦਾਸ ਜੀ ਨੇ ਸਪਸ਼ਟ ਕੀਤਾ ਕਿ ਫ਼ੌਜੀ ਸ਼ਕਤੀ ਕੇਵਲ ਸੰਤ ਬਾਣੇ ਦੀ ਰਖਵਾਲੀ ਲਈ ਹੈ। ਸ਼ਿਕਾਰ ਅਖੌਤਤੀ ਅਹਿੰਸਾ ਨੂੰ ਮਨ ਵਿਚੋਂ ਕੱਢਣ ਲਈ ਹੈ ਨਾ ਕਿ ਐਸ਼ੋ-ਇਸ਼ਰਤ ਲਈ। ਭਾਈ ਗੁਰਦਾਸ ਜੀ ਸਪਸ਼ਟ ਕਰਦੇ ਹਨ:

ਖੇਤੀ ਵਾੜਿ ਸੁ ਢਿੰਗਰੀ ਕਿਕਰ ਆਸ ਪਾਸ ਜਿਉ ਬਾਗੈ।
ਸਪ ਪਲੇਟੇ ਚੰਨਣੈ ਬੂਹੇ ਜੰਦਾ ਕੁਤਾ ਜਾਗੈ। (ਵਾਰ ੨੬:੨੫)

ਬੈਨਰਜੀ ਦੇ ਲਿਖਣ ਅਨੁਸਾਰ-"ਗੁਰੂ ਅਰਜਨ ਦੇਵ ਜੀ ਨੇ ਦੇਖ ਲਿਆ ਸੀ ਤੇ ਗੁਰੂ ਹਰਿਗੋਬਿੰਦ ਜੀ ਨੇ ਮਹਿਸੂਸ ਕਰ ਲਿਆ ਸੀ ਕਿ ਬਗੈਰ ਸ਼ਸਤਰਾਂ ਦੇ, ਸਿੱਖ ਕੌਮ ਅਤੇ ਜਥੇਬੰਦੀ ਦਾ ਬਚਣਾ ਮੁਸ਼ਕਲ ਹੈ"

ਗੁਰੂ ਅਰਜਨ ਦੇਵ ਜੀ ਦੀ ਸ਼ਾਂਤਮਈ ਸ਼ਹੀਦੀ ਨਾਲ ਜ਼ਾਲਮਾਂ ਦੇ ਕਠੋਰ ਦਿਲ ਪਿਘਲੇ ਨਹੀਂ ਹਨ, ਸਗੋਂ ਉਹ ਹੋਰ ਜ਼ਾਲਮ-ਬਿਰਤੀ ਦੇ ਧਾਰਨੀ ਹੋ ਗਏ ਸਨ।

ਗੁਰਗੱਦੀ 'ਤੇ ਬਿਰਾਜਮਾਨ ਹੁੰਦਿਆ ਹੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਬਾਬਾ ਬੁੱਢਾ ਜੀ ਨੂੰ ਦੋ ਤਲਵਾਰਾਂ ਪਹਿਨਾਉਣ ਲਈ ਆਖਿਆ। ਬਾਬਾ ਬੁੱਢਾ ਜੀ ਨੇ ਆਪ ਜੀ ਨੂੰ ਦੋ ਤਲਵਾਰਾਂ ਪਹਿਨਾਈਆਂ।

ਗੁਰਗੱਦੀ 'ਤੇ ਬਿਰਾਜਮਾਨ ਹੋਣ ਸਮੇਂ ਸਤਿਗੁਰੂ ਜੀ ਨੇ ਸੰਗਤਾਂ ਨੂੰ ਸੰਦੇਸ਼ ਦਿੱਤਾ ਕਿ ਅੱਜ ਤੋਂ ਮੇ ਰੀ ਪਿਆਰੀ ਭੇਟਾ ਚੰਗੇ ਸ਼ਸਤਰ ਤੇ ਚੰਗੀ ਜੀਵਨੀ ਹੋਵੇਗੀ।

ਭਾਈ ਗੁਰਦਾਸ ਜੀ ਨੇ ਠੀਕ ਲਿਖਿਆਂ ਹੈ ਕਿ ਗੁਰੂ ਹਰਿਗੋਬਿੰਦ ਸਾਹਿਬ ਉਸ ਖੰਡੇ ਧਾਰ ਮਾਰਗ 'ਤੇ ਚਲ ਰਹੇ ਸਨ, ਜਿਸ 'ਤੇ ਗੁਰੂ ਨਾਨਕ ਦੇਵ ਜੀ ਤੇ ਬਾਕੀ ਗੁਰੂ ਸਾਹਿਬਾਨ ਚਲੇ ਸਨ। ੨੪ਵੀਂ ਵਾਰ ਵਿਚ ਉਨ੍ਹਾਂ ਸਪਸ਼ਟ ਸੰਕੇਤ ਕੀਤੇ ਹਨ- "ਗੁਰ ਗੋਵਿੰਦੁ ਗੋਵਿੰਦੁ ਗੁਰੁ ਹਰਿਗੋਵਿੰਦੁ ਸਦਾ ਸਦਾ ਵਿਗਸੰਦਾ,...... ਗੁਰਮੁਖਿ ਮਾਰਗਿ ਚਲਣਾ ਖੰਡੇ ਧਾਰ ਕਾਰ ਨਿਬਹੰਦਾ" ਅਤੇ ੨੯ ਵੀਂ ਵਾਰ ਵਿੱਚ ਕਿਹਾ ਹੈ–"ਸਤਿਗੁਰ ਵੰਸੀ ਪਰਮੁ ਹੰਸੁ ਗੁਰ ਸਿਖ ਹੰਸੁ ਵੰਸੁ ਨਿਬਹੰਦਾ॥ ਪਿਅ ਦਾਦੇ ਦੇ ਰਾਹਿ ਚਲੰਦਾ। ਭਾਈ ਗੁਰਦਾਸ ਜੀ ਨੇ ਸਪਸ਼ਟ ਕੀਤਾ ਹੈ ਕਿ ਜ਼ੁਲਮ ਦੇ ਵਿਰੁੱਧ ਅਵਾਜ਼ ਉਠਾਣਾ ਧਰਮ ਹੈ। ਗੁਰੂ ਹਰਿਗੋਬਿੰਦ ਸਾਹਿਬ ਤਾਂ ਆਪਣੇ ਫਰਜ਼ ਪੂਰੇ ਕਰ ਰਹੇ ਹਨ। ਪ੍ਰਮਾਣ ਵਜੋਂ ਉਹ ਸਪਸ਼ਟ ਕਰਦੇ ਹਨ ਕਿ ਜਿਵੇਂ ਖੂਹ ਵਿਚੋਂ ਕੱਢਣ ਲਈ ਡੋਲ ਨਾਲ ਰੱਸਾ ਬੰਨ੍ਹਣਾ ਪੈਂਦਾ ਹੈ, ਜਿਵੇਂ ਸੱਪ ਤੋਂ ਮਣੀ ਪ੍ਰਾਪਤ ਕਰਨ ਲਈ ਸੱਪ ਨੂੰ ਮਾਰਨਾ ਜ਼ਰੂਰੀ ਹੈ, ਕਸਤੂਰੀ ਪ੍ਰਾਪਤ ਕਰਨ ਲਈ ਹਿਰਨ ਦਾ ਸ਼ਿਕਾਰ ਕਰਨਾ ਪੈਂਦਾ ਹੈ, ਤਿਲਾਂ ਵਿਚੋਂ ਤੇਲ ਪ੍ਰਾਪਤ ਕਰਨ ਲਈ ਉਨ੍ਹਾਂ ਨੂੰ ਕੋਹਲੂ ਵਿਚ ਪੀੜਨਾ ਪੈਂਦਾ ਹੈ, ਗਿਰੀ ਖਾਣ ਲਈ ਨਾਰੀਅਲ ਤੋੜਨਾ ਪੈਂਦਾ ਹੈ, ਇਸ ਤਰ੍ਹਾਂ ਹੀ ਧਰਮ ਨੂੰ ਬੇਮੁਖਾਂ, ਜ਼ਾਲਮਾਂ-ਜਾਬਰਾਂ ਤੋਂ ਬਚਾਉਣ ਲਈ ਹੱਥ ਵਿਚ ਤਲਵਾਰ, ਪਕੜਨੀ ਪੈਂਦੀ ਹੈ- ਤਲਵਾਰ ਤਾਂ ਧਰਮ ਰੱਖਿਆ ਦੀ ਪ੍ਰਤੀਕ ਹੈ :

ਜਿਉਂ ਕਰਿ ਖੂਹਹੁ ਨਿਕਲੈ ਗਲਿ ਬਧੇ ਪਾਣੀ।
ਜਿਉ ਮਣਿ ਕਾਲੇ ਸਪ ਸਿਰਿ ਹਸਿ ਦੇਇ ਨ ਜਾਣੀ।
ਜਾਣ ਕਥੂਰੀ ਮਿਰਗ ਤਨਿ ਮਰਿ ਮੁਕੈ ਆਣੀ।


www.AKJ.Org

ਤੇਲ ਤਿਲਹੁ ਕਿਉ ਨਿਕਲੈ ਵਿਣੁ ਪੀੜੇ ਘਾਣੀ।
ਜਿਉ ਮੁਹੁ ਭੰਨੇ ਗਰੀ ਦੇ ਨਲੀਏਰੁ ਨਿਸਾਣੀ।
ਬੇਮੁਖ ਲੋਹਾ ਸਾਧੀਐ ਵਗਦੀ ਵਾਦਾਣੀ। (ਵਾਰ ੩੪:੧੩)

ਗੁਰੂ ਅਰਜਨ ਦੇਵ ਜੀ ਸ਼ਾਂਤਮਈ ਸ਼ਹੀਦੀ ਤੋਂ ਬਾਅਦ 'ਮੀਰੀ-ਪੀਰੀ' ਦੇ ਸਿਧਾਂਤ ਨੇ ਅਜਿਹੇ ਸੰਤ-ਸਿਪਾਹੀ, ਭਗਤ ਸਿੱਖ ਪੈਦਾ ਕੀਤੇ ਕਿ ਜਦ ਇਕ ਘਾਹੀ ਹਜ਼ੂਰ ਗੁਰੂ ਹਰਿਗੋਬਿੰਦ ਪਾਤਸ਼ਾਹ ਦੇ ਦਰਸ਼ਨ ਕਰਨ ਆਇਆ ਤਾਂ ਭੁਲੇਖੇ ਨਾਲ ਜਹਾਂਗੀਰ ਦੇ ਦਰਬਾਰ ਵਿਚ ਚਲਾ ਗਿਆ। ਜਦ ਵੇਖਿਆ ਕਿ ਇਹ ਤਾਂ ਸੱਚੇ ਪਾਤਸ਼ਾਹ ਦਾ ਦਰਬਾਰ ਨਹੀਂ ਤਾਂ ਉਸ ਨੇ ਜਹਾਂਗੀਰ ਬਾਦਸ਼ਾਹ ਦੇ ਅੱਗੋਂ ਆਪਣੀ ਭੇਟਾ ਇਸ ਕਰਕੇ ਚੁਕ ਲਈ ਕਿ ਉਹ ਭੇਟਾ ਸੱਚੇ ਪਾਤਸ਼ਾਹ ਗੁਰੁ ਹਰਿਗੋਬਿੰਦ ਸਾਹਿਬ ਨੂੰ ਅਰਪਨ ਕਰਨ ਆਇਆ ਸੀ ਨਾ ਸੰਸਾਰੀ ਬਾਦਸ਼ਾਹ ਨੂੰ- ਉਹ ਇਹ ਪਾਵਨ ਪੰਗਤੀ ਉਚਾਰਦਾ ਹੋਇਆ ਉਥੋਂ ਤੁਰ ਪਿਆ-

ਏਹ ਭੂਪਤਿ ਰਾਣੇ ਰੰਗ ਦਿਨ ਚਾਰਿ ਸੁਹਾਵਣਾ। (ਪੰਨਾ ੬੪੫)

ਇਹ ਘਟਨਾ ਸਿੱਖ ਦੀ ਨਿਡਰਤਾ ਤੇ ਗੁਰੂ ਪ੍ਰਤੀ ਸਮਰਪਣ ਨੂੰ ਪ੍ਰਗਟ ਕਰਦੀ ਹੈ।

*ਸਚੇ ਤਖ਼ਤ ਰਚਾਇਆ-*

ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਗੁਰਤਾ ਗੱਦੀ 'ਤੇ ਬਿਰਾਜਮਾਨ ਹੋਣ ਤੋਂ ਜਲਦੀ ਪਿੱਛੋਂ ਸ੍ਰੀ ਹਰਿਮੰਦਰ ਸਾਹਿਬ ਦੇ ਸਾਹਮਣੇ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਿਰਜਣਾ ਕੀਤੀ। ਅਕਾਲ ਤਖ਼ਤ ਸਾਹਿਬ ਜੀ ਸਿਰਜਣਾ ਸ਼ਾਹੀ ਤਖ਼ਤ ਨੂੰ ਚੈਲੰਜ ਸੀ। ਸ਼ਾਹੀ ਫੁਰਮਾਨ ਅਨੁਸਾਰ ਕੋਈ ਵੀ ਵਿਅਕਤੀ ਸ਼ਾਹੀ ਤਖ਼ਤ ਦੇ ਬਰਾਬਰ ਤਖ਼ਤ ਨਹੀਂ ਸੀ ਉਸਾਰ ਸਕਦਾ ਪਰ ਗੁਰੂ ਜੀ ਨੇ ਸ੍ਰੀ ਅਕਾਲ ਤਖ਼ਤ ਸ਼ਾਹਿਬ ਦੀ ਸਿਰਜਣਾ ਕਰ ਕੇ ਇਹ ਸਥਾਪਤ ਕਰ ਦਿਤਾ ਕਿ ਸੰਸਾਰੀ ਤਖ਼ਤ ਨਾਸ਼ਮਾਨ ਹਨ - ਪਰ ਅਕਾਲ ਤਖ਼ਤ ਸਦੀਵੀ ਹੈ। ਅਕਾਲ ਤਖ਼ਤ ਸਾਹਿਬ ਦੀ ਸਿਰਜਣਾ ਨਾਲ ਮੀਰੀ-ਪੀਰੀ ਦੇ ਸਿਧਾਂਤ ਨੂੰ ਬੜਾਵਾ ਮਿਲਿਆ ਅਤੇ ਧਰਮ ਤੇ ਰਾਜਨੀਤੀ ਇਕ ਥਾ ਸਿਧਾਂਤ ਰੂਪ ਵਿਚ ਪ੍ਰਗਟ ਹੋ ਗਏ। ਗੁਰੂ ਜੀ ਲੋਕਾਈ ਦੇ ਆਪਸੀ, ਝਗੜੇ, ਮੁਕੱਦਮੇ ਪਲਾਂ ਵਿਚ ਨਿਬੇੜ ਦਿੰਦੇ। ਗੁਰਦੇਵ ਨੂੰ ਗੁਰਸਿੱਖ ਸੱਚਾ ਪਾਤਸ਼ਾਹ ਕਹਿਣ ਲੱਗੇ। ਗੁਰੂ ਜੀ ਨੇ ਇਕ ਤਰ੍ਹਾਂ 'ਰਾਜ' ਵਿਚ 'ਰਾਜ' ਸਥਾਪਤ ਕਰ ਦਿਤਾ ਸੀ। ਇਸ ਨਾਲ ਜਹਾਂਗੀਰ ਨੂੰ ਆਪਣੀ ਸ਼ਕਤੀ ਖਿਸਕਦੀ ਨਜ਼ਰ ਆਈ।

*ਸ਼ਾਂਤਮਈ ਸਤਿਆਗ੍ਰਹਿ ਦਾ ਆਰੰਭ*

ਬਹੁਤ ਸਾਰੇ ਸਿੱਖ ਇਤਿਹਾਸ ਧਰਮ ਨੂੰ ਨਾ ਸਮਝਣ ਵਾਲੇ ਇਹ ਕਹਿੰਦੇ ਹਨ ਕਿ "ਸਤਿਆਗ੍ਰਹਿ" ਮਹਾਤਮਾ ਗਾਂਧੀ ਨੇ ਸ਼ੁਰੂ ਕੀਤਾ ਪਰ ਉਹ ਭੁੱਲ ਜਾਂਦੇ ਹਨ ਕਿ ਇਹ ਸਿੱਖਾਂ ਨੇ ਉਸ ਸਮੇਂ ਹੀ ਸ਼ੁਰੂ ਕਰ ਦਿਤਾ ਸੀ, ਜਦ ਸਮੇਂ ਦਾ ਬਾਦਸ਼ਾਹ ਜਹਾਂਗੀਰ, ਗੁਰੂ ਹਰਿਗੋਬਿੰਦ ਪਾਤਸ਼ਾਹ ਦੇ ਜਾਹੋ-ਜਲਾਲ ਨੂੰ ਦੇਖ ਕੇ ਭੈ-ਭੀਤ ਹੋ ਗਿਆ ਤੇ ਉਸ ਨੇ ਗੁਰੂ ਜੀ ਨੂੰ ਬੁਲਵਾ ਕੇ ਗਵਾਲੀਅਰ ਦੇ ਕਿਲ੍ਹੇ ਵਿਚ ਬੰਦੀ ਬਣਾ ਦਿਤਾ। ਆਮ ਜਨਤਾ ਨੂੰ ਗੁਮਰਾਹ ਕਰਨ ਲਈ ਇਹ ਪ੍ਰਚਾਰਿਆ ਗਿਆ ਕਿ ਗੁਰੂ ਜੀ ਤਾਂ ਉਥੇ ਤਪ-ਸਾਧਨਾ ਕਰਨ ਰਹੇ ਹਨ। ਗੁਰੂ ਜੀ ਦੀ ਗ੍ਰਿਫ਼ਤਾਰੀ ਨੂੰ ਲੈ ਕੇ ਸਿੱਖਾਂ ਵਿਚ ਭਾਰੀ ਰੋਸ ਤੇ ਰੋਹ ਪੈਦਾ ਹੋ ਗਿਆ। ਉਨ੍ਹਾਂ ਦਾ ਰੋਸ ਹੈ ਵੀ ਜਾਇਜ਼ ਸੀ, ਕਿਉਂਕਿ ਇਸ ਤੋਂ ਪਹਿਲਾ ਸ਼ਾਂਤੀ ਦੇ ਪੁੰਜ ਗੁਰੂ ਅਰਜਨ ਦੇਵ ਨੂੰ ਤਸੀਹੇ ਦੇ ਕੇ ਸ਼ਹੀਦ ਕਰ ਦਿਤਾ ਸੀ।

ਸਿੱਖਾਂ ਨੇ ਆਪਣੀ ਮਨੋ-ਵੇਦਨਾ ਪ੍ਰਗਟ ਕਰਨ ਲਈ 'ਚੌਂਕੀਆਂ' ਕੱਢਣੀਆਂ ਸ਼ੁਰੂ ਕੀਤੀਆਂ। ਇਕ ਪਿੰਡ ਵਿਚੋਂ ਪੰਜ ਗੁਰਸਿੱਖ ਇਕ ਮਸ਼ਾਲ ਲੈ ਕੇ ਸਤਿਆਗ੍ਰਹਿ ਕਰਦੇ ਹੋਏ ਦੂਸਰੇ ਪਿੰਡ ਜਾਂਦੇ ਤੇ ਉਥੋਂ ਹੋਰ ਪੰਜ ਸਿੱਖ ਤਿਆਰ ਹੋ ਜਾਂਦੇ। ਇਸ ਤਰ੍ਹਾਂ ਸਾਰੇ ਪੰਜਾਬ ਵਿਚ ਇਕ 'ਚੇਨ' ਬਣ ਜਾਂਦੀ। ਹਰ ਪਿੰਡ-ਹਰ ਘਰ, ਗੁਰੂ ਜੀ ਦੀ ਗ੍ਰਿਫ਼ਤਾਰੀ ਤੇ ਰਿਹਾਈ ਦੀ ਗੱਲ ਹੁੰਦੀ। ਬਾਬਾ ਬੁੱਢਾ ਜੀ ਦੀ ਅਗਵਾਈ ਵਿਚ ਜਥੇ ਗੁਰੂ ਕੀਰਤੀ ਕਰਦੇ ਗਵਾਲੀਅਰ ਦੇ ਕਿਲ੍ਹੇ ਪਾਸ ਵੀ ਪਹੁੰਚਦੇ ਤੇ ਕਿਲ੍ਹੇ ਦੀ ਪ੍ਰਕਰਮਾ ਕਰ ਕੇ ਵਾਪਸ ਮੁੜ ਆਉਂਦੇ। ਇਸ ਤਰ੍ਹਾਂ ਸਹਿਜੇ-ਸਹਿਜੇ ਜਨਤਕ ਅੰਦੋਲਨ ਅਰੰਭ ਹੋ ਗਿਆ। ਵਿਸ਼ਵ ਇਤਿਹਾਸ ਵਿਚ ਇਹ ਪਹਿਲੀ ਘਟਨਾ ਹੀ ਹੋਵੇਗੀ, ਜਦ ਬਾਦਸ਼ਾਹ ਨੂੰ ਜਨਤਕ ਅੰਦੋਲਨ ਦੇ ਸਾਹਮਣੇ ਝੁਕਣਾ ਪਿਆ।

ਪੰਜ ਸਿੰਘ ਇਕ ਮਸ਼ਾਲ ਤੇ ਇਕ ਝੰਡਾ ਲੈ ਕੇ ਨਿਕਲਦੇ ਸਨ। ਮਸ਼ਾਲ ਪ੍ਰਤੀਕ ਸੀ ਕਿ ਉਨ੍ਹਾਂ ਨੂੰ


www.AKJ.Org

ਰਾਹ ਦਿਖਾਉਣ ਵਾਲਾ ਰਹਿਬਰ ਆਗੂ ਆ ਗਿਆ ਹੈ। ਇਹ ਪੰਜ ਸਿੱਖ ਪਿੰਡ-ਪਿੰਡ ਵਿਚ ਪਹੁੰਚ ਕੇ ਲੋਕਾਂ ਨੂੰ ਹੌਂਸਲਾ ਦਿੰਦੇ ਤੇ ਜ਼ੁਲਮ ਦੇ ਵਿਰੁੱਧ ਆਵਾਜ਼ ਬੁਲੰਦ ਕਰਨ ਲਈ ਕਹਿੰਦੇ। ਪਿੰਡਾਂ ਵਿਚੋਂ ਹੋਰ ਗੁਰਸਿੱਖ ਤਿਆਰ ਹੋ ਜਾਂਦੇ ਤੇ ਅਗਲੇ ਪਿੰਡ ਵਿਚ ਪਹੁੰਚਦੇ ਤੇ ਇਸ ਤਰ੍ਹਾਂ ਲਹਿਰ ਦੀ ਨਿਰੰਤਰਤਾ ਜਾਰੀ ਰਹਿੰਦੀ। ਉਸ ਸਮੇਂ ਜਾਰੀ ਕੀਤੀ ਗਈ 'ਚੌਂਕੀ' ਦੀ ਪਰੰਪਰਾ ਨੂੰ ਪ੍ਰੀਤਵਾਨ ਗੁਰਸਿੱਖਾਂ ਨੇ ਅੱਜ ਵੀ ਸੰਭਾਲਿਆ ਹੋਇਆ ਹੈ ਅਰਦਾਸ ਦੇ ਇਹ ਸ਼ਬਦ 'ਚੌਂਕੀਆਂ ਝੰਡੇ ਬੁੰਗੇ ਜੁਗੋ-ਜੁਗ ਅਟੱਲ'-ਸਾਡੀ ਸਿਮ੍ਰਤੀ ਦਾ ਸਦੀਵੀ ਭਾਗ ਬਣ ਚੁੱਕੇ ਹਨ।

ਸਿੱਖਾਂ ਨੂੰ ਗੁਰੂ ਸਾਹਿਬ ਉਤੇ ਐਸਾ ਨਿਸਚਾ ਸੀ ਕਿ ਗਵਾਲੀਅਰ ਦੇ ਕਿਲ੍ਹੇ ਦੇ ਦਰਵਾਜ਼ੇ ਤੱਕ ਹਜ਼ਾਰਾਂ ਸਿੱਖ ਜਾਂਦੇ– ਗੁਰੂ ਜੀ ਦੇ ਪਾਵਨ ਸਰੂਪ ਦੇ ਦਰਸ਼ਨ ਨਾ ਹੁੰਦੇ ਤਾਂ ਕਿਲ੍ਹੇ ਦੀਆਂ ਦੀਵਾਰਾਂ ਨੂੰ ਮੱਥਾ ਟੇਕ ਮਨ ਤ੍ਰਿਪਤ ਕਰ ਲੈਂਦੇ। ਇਸ ਤਰ੍ਹਾਂ ਕਾਫੀ ਕਾਫੀ ਸਮਾਂ ਬੀਤ ਗਿਆ। ਜਨਤਕ ਅੰਦੋਲਨ-ਸਤਿਆਗ੍ਰਹਿ ਦਾ ਪ੍ਰਭਾਵ ਦਿਨੋ-ਦਿਨ ਵਧਦਾ ਗਿਆ। ਇਹ ਪਹਿਲਾ ਅਨੂਠਾ ਸਤਿਆਗ੍ਰਹਿ ਸੀ।

*ਬੰਦੀ ਛੋੜ ਸਤਿਗੁਰੂ*

ਅਸਲ ਵਿਚ ਗੁਰੂ ਹਮੇਸ਼ਾ ਹੀ 'ਬੰਦੀ ਛੋੜ' ਹੈ। ਗੁਰੂ ਤਾਂ ਹਮੇਸ਼ਾ ਹੀ ਬੰਧਨ ਮੁਕਤ ਕਰਨ ਲਈ ਸ਼ਕਤੀ-ਸੰਪੰਨ ਹੈ। ਦੂਸਰਾ 'ਗੁਰੂ' ਨੂੰ ਕਦੇ ਕੋਈ 'ਬੰਦੀ' ਵਿਚ ਪਾ ਹੀ ਨਹੀਂ ਸਕਦਾ। ਗੁਰੂ ਤਾਂ ਸਰਬ-ਸਮਰੱਥ ਹੈ। ਇਹ ਤਾਂ ਸਤਿਗੁਰੂ ਕੌਤਕ ਕਰਦੇ ਹਨ, ਮਾਨਵਤਾ ਉਧਾਰ ਲਈ । ਬਾਬਰ ਦੀ ਚੱਕੀ, ਗੁਰੂ ਨਾਨਕ ਦੇਵ ਜੀ ਨੇ ਆਪਣੇ ਲਈ ਨਹੀਂ ਸੀ ਪੀਸੀ; ਉਹ ਤਾਂ ਸਤਿਗੁਰੂ ਜੀ ਨੇ ਇਕ ਕੌਤਕ ਰਚਿਆ ਸੀ, ਬਾਬਰ ਦੇ ਜ਼ੁਲਮ ਤੋਂ ਮੁਕਤ ਕਰਾਉਣ ਲਈ । ਇਸ ਤਰ੍ਹਾਂ ਹੀ ਗੁਰੂ ਹਰਿਗੋਬਿੰਦ ਜੀ ਦਾ ਗਵਾਲੀਅਰ ਕੇ ਕਿਲ੍ਹੇ ਵਿਚ ਜਾਣਾ ਤੇ ਉਥੋਂ ਰਾਜਸੀ ਕੈਦੀਆਂ ਨੂੰ ਮੁਕਤ ਕਰਾਉਣਾ ਤਾਂ ਇਕ ਕੌਤਕ ਹੀ ਸੀ। ਕਿਲ੍ਹੇ ਵਿਚ ਗੁਰੂ ਜੀ ਹਰ ਸਮੇਂ ਭਜਨ-ਬੰਦਗੀ ਵਿਚ ਰਹਿੰਦੇ, ਅਨੰਦ ਵਿਚ ਜੀਵਨ ਗੁਜ਼ਾਰਦੇ।

ਜਦ ਕਿਲ੍ਹੇ ਵਿਚ ਕਾਫੀ ਸਮਾਂ ਬੀਤ ਗਿਆ ਤਾਂ, ਓਧਰ ਦਿੱਲੀ ਵਿਚ ਇਕ ਰਾਤ ਬਾਦਸ਼ਾਹ ਨੂੰ ਭਿਆਨਕ ਸੁਪਨਾ ਆਇਆ ਕਿ ਇਕ ਵੱਡਾ ਜੰਗਲੀ ਸ਼ੇਰ ਉਸ ਨੂੰ ਖਾਣ ਨੂੰ ਆਉਂਦਾ ਪਿਆ ਹੈ। ਉਹ ਤ੍ਰਬਕ ਕੇ ਉਠ ਬੈਠਾ। ਬਾਦਸ਼ਾਹ ਨੇ ਇਸ ਦਾ ਕਾਰਨ ਜਲਾਲ-ਉ-ਦੀਨ ਤੋਂ ਪੁੱਛਿਆ। ਉਤਰ ਵਿਚ ਉਸ ਨੇ ਕਿਹਾ ਕਿ ਜਾਪਦਾ ਹੈ ਕਿ ਤੁਸੀਂ ਕਿਸੇ ਵਲੀ ਫ਼ਕੀਰ-ਸਾਹਿਬ-ਏ ਕਰਾਮਾਤ ਦੀ ਬੇਅਦਬੀ ਕੀਤੀ ਹੈ।

ਬਾਦਸ਼ਾਹ ਨੇ ਕਾਮਿਲ ਫ਼ਕੀਰ ਦੀ ਪਹਿਚਾਣ ਪੁੱਛੀ ਤਾਂ ਸਾਈਂ ਮੀਆਂ ਮੀਰ ਨੇ ਕਿਹਾ ਕਿ ਸਾਹਿਬ-ਏ-ਕਰਾਮਾਤ ਸਮਰਥ ਹੋਣ 'ਤੇ ਵੀ ਕਿਸੇ ਦਾ ਬੁਰਾ ਨਹੀਂ ਲੋਚਦਾ ਸਗੋਂ ਉਸ ਲਈ ਵੈਰੀ-ਮਿੱਤਰ ਸਭ ਸਮਾਨ ਹੁੰਦੇ ਹਨ। ਲੋਭ ਜਾਂ ਬਦਲਾ ਲੈਣ ਦਾ ਵਿਚਾਰ ਤਕ ਵੀ ਉਸ ਦੇ ਮਨ ਵਿਚ ਨਹੀਂ ਉਠਦਾ- ਜਿਵੇਂ ਗੁਰੂ ਅਰਜਨ ਦੇਵ ਜੀ ਦਾ ਜੀਵਨ ਸਭ ਲਈ ਗਨੀਮਤ ਸੀ। ਹੁਣ ਉਹਨਾਂ ਦਾ ਪੁੱਤਰ ਗੁਰੂ ਹਰਿਗੋਬਿੰਦ ਅਮੀਰੀ ਠਾਠ ਵਿਚ ਰਹਿੰਦਾ ਹੈ ਤਾਂ ਉਹ ਵੀ ਬਹੁਤ ਕਾਮਲ ਤੇ ਪਹੁੰਚਿਆ ਹੋਇਆ ਹੈ। ਤੁਸੀਂ ਉਨ੍ਹਾਂ ਨੂੰ ਨਜ਼ਰਬੰਦ ਕੀਤਾ, ਇਸ ਦਾ ਫਲ ਤੁਹਾਡੇ ਲਈ ਚੰਗਾ ਨਹੀਂ। ਆਪ ਨੂੰ ਅਜਿਹੇ ਖੁਦਾ-ਪ੍ਰਸਤ ਬੰਦਿਆਂ ਦੀ ਖਿਦਮਤ ਕਰਨੀ ਚਾਹੀਦੀ ਹੈ। ਜਨਤਕ ਅੰਦੋਲਨ ਦੇ ਪ੍ਰਭਾਵ ਨੂੰ ਦੇਖਦਿਆਂ ਅਤੇ ਸਾਈਂ ਮੀਆਂ ਮੀਰ ਦੇ ਬਚਨ ਸੁਣਦੇ ਸਾਰ ਬਾਦਸ਼ਾਹ ਨੇ ਦੀਵਾਨ ਵਜ਼ੀਰ ਖਾਂ ਨੂੰ ਬੁਲਾ ਕੇ ਗੁਰੂ ਜੀ ਦੀ ਰਿਹਾਈ ਤੇ ਦਿੱਲੀ ਲਿਆਉਣ ਦਾ ਸੰਦੇਸ਼ ਦਿੱਤਾ ਤੇ ਗਲਤੀ ਲਈ ਖਿਮਾ ਜਾਚਨਾ ਲਿਖ ਭੇਜੀ। ਦੀਵਾਨ ਵਜ਼ੀਰ ਖਾਂ ਗੁਰੂ ਜੀ ਦਾ ਪਹਿਲਾ ਹੀ ਸੇਵਕ ਸੀ। ਜਦ ਉਸ ਨੇ ਗੁਰੂ ਜੀ ਨੂੰ ਰਿਹਾਈ ਬਾਰੇ ਦੱਸਿਆ ਤਾਂ ਗੁਰੂ ਜੀ ਨੇ ਕਿਹਾ ਕਿ ਜਿੰਨੀ ਦੇਰ ੫੨ ਰਾਜਸੀ ਕੈਦੀਆਂ ਦੀ ਰਿਹਾਈ ਨਹੀਂ ਕੀਤੀ ਜਾਂਦੀ, ਉਨੀ ਦੇਰ ਅਸੀਂ ਬਾਹਰ ਨਹੀਂ ਆਵਾਂਗੇ। ਵਜ਼ੀਰ ਖਾਂ ਨੇ ਇਸ ਸੰਬੰਧੀ ਬਾਦਸ਼ਾਹ ਨੂੰ ਲਿਖ ਭੇਜਿਆ।

ਜਵਾਬ ਆਇਆ ਕਿ ਗੁਰੂ ਹਰਿਗੋਬਿੰਦ ਸਾਹਿਬ ਦਾ ਦਾਮਨ ਪਕੜ ਕੇ ਜੋ ਬਾਹਰ ਆ ਜਾਵੇ, ਉਸਨੂੰ ਰਿਹਾ ਕਰ ਦਿੱਤਾ ਜਾਵੇ। ਗੁਰੂ ਜੀ ਨੇ ੫੨ ਕਲੀਆਂ ਵਾਲਾ ਵਿਸ਼ੇਸ਼ ਚੋਲਾ ਪਹਿਨਿਆ ਜਿਸ ਨੂੰ ਪਕੜ ਕੇ ਸਾਰੇ ਬੰਧਨ-ਮੁਕਤ ਹੋਏ। ਇਹ ਰਾਜਸੀ ਕੈਦੀਆਂ ਦੀ ਪਹਿਲੀ ਰਿਹਾਈ ਸੀ। ਇਹ ਤਾਂ ਇਕ ਉਦਾਹਰਣ ਹੈ। ਸਤਿਗੁਰੂ ਤਾਂ ਬੋਹਿਥ ਹੈ, ਭਵ ਸਾਗਰ ਤੋਂ ਪਾਰ ਉਤਾਰਨ ਵਾਲਾ।



www.AKJ.Org

*ਜੋ ਸਰਣ ਆਵੈ ਤਿਸੁ ਕੰਠਿ ਲਾਵੈ*

'ਗੁਰੂ ਜੀ' ਦੀ ਸ਼ਰਣ ਵਿਚ ਜੋ ਵੀ ਮਨ ਕਰਕੇ ਆਉਂਦਾ ਹੈ, ਗੁਰੂ ਜੀ ਉਸ ਨੂੰ ਆਪਣਾ ਹੀ ਬਣਾ ਲੈਂਦੇ ਹਨ।

ਲਾਹੌਰ ਦੇ ਕਾਜ਼ੀ ਰੁਸਤਮ ਖਾਂ ਦੀ ਪੁੱਤਰੀ, ਕੌਲਾਂ ਸਾਈਂ ਮੀਆਂ ਮੀਰ ਦੀ ਮੁਰੀਦ ਸੀ। ਉਹ ਬਹੁਤ ਸੁਸ਼ੀਲ ਤੇ ਲੱਜਿਆ ਵਾਲੀ ਲੜਕੀ ਸੀ। ਛੋਟੀ ਉਮਰ ਤੋਂ ਹੀ ਉਸ ਨੇ ਆਪਣੇ ਆਪ ਨੂੰ ਪ੍ਰਮੇਸ਼ਰ ਦੀ ਬੰਦਗੀ ਨਾਲ ਜੋੜ ਲਿਆ। ਜੁਆਨ ਹੋਣ ਤੇ ਉਸ ਨੇ ਵਿਆਹ ਕਰਾਉਣ ਤੋਂ ਇਨਕਾਰ ਕਰ ਦਿੱਤਾ ਤੇ ਇਕਾਂਤ ਵਿਚ ਪ੍ਰਭੂ-ਬੰਦਗੀ ਵਿਚ ਲਿਵਲੀਨ ਰਹਿਣ ਲੱਗੀ। ਘਰ ਤੋਂ ਬਾਹਰ ਪੈਰ ਸਿਰਫ਼ ਸਾਈਂ ਮੀਆਂ ਮੀਰ ਦੇ ਦਰਸ਼ਨਾਂ ਨੂੰ ਜਾਣ ਸਮੇਂ ਹੀ ਪਾਉਂਦੀ। ਸਾਈਂ ਮੀਆਂ ਮੀਰ ਤੋਂ ਉਸ ਨੇ ਗੁਰੂ ਜੀ ਦੀ ਉਸਤਤ ਸੁਣੀ ਸੀ। ਸਹਿਜੇ -ਸਹਿਜੇ ਉਸ ਨੇ ਗੁਰਬਾਣੀ ਸੁਣ ਕੇ ਕੰਮ ਕਰ ਲਈ ਸੀ। ਕਾਜ਼ੀ ਨੂੰ ਇਹ ਗੱਲ ਪਸੰਦ ਨਹੀਂ ਸੀ, ਕਿਉਂਕਿ ਉਹ ਤਾਂ ਗੁਰੂ ਜੀ ਨੂੰ ਕਾਫ਼ਰ ਹੀ ਮੰਨਦਾ ਸੀ। ਆਪਣੀ ਲੜਕੀ ਤੋਂ ਉਹ ਗੁਰੂ ਜੀ ਦੀ ਉਪਮਾ ਕਿਵੇ ਸੁਣ ਸਕਦਾ ਸੀ। ਗੁਸੇ ਵਿੱਚ ਆ ਕੇ ਕਹਿਣ ਲੱਗਾ ਕਿ ਤੂੰ ਕਾਫ਼ਰ ਦੀ ਤਾਰੀਫ ਕਰਦੀ ਹੈਂ ਅਤੇ ਮੁਹੰਮਦੀ ਸ਼ਰ੍ਹਾ ਨੂੰ ਨਹੀਂ ਮੰਨਦੀ ਤੇ ਇਸਲਾਮ ਵਿਚ ਕਾਫਰ ਦੀ ਤਾਰੀਫ਼ ਕਰਨ ਵਾਲੇ ਲਈ ਮੌਤ ਦਾ ਢੰਡ ਨਿਸ਼ਚਤ ਹੈ।

ਕੌਲਾਂ ਨੇ ਫਿਰ ਕਿਹਾ ਕਿ ਫ਼ਕੀਰ ਤਾਂ ਖੁਦਾ ਦੇ ਬੰਦੇ ਹਨ- ਇਨ੍ਹਾਂ ਦੀ ਤਾਂ ਖੁਦਾ ਵੀ ਨਹੀਂ ਮੰਨਦਾ ਹੈ। ਬਸ ਫਿਰ ਕੀ ਸੀ- ਕੌਲਾ ਲਈ ਵੀ ਸ਼ਰ੍ਹਾ ਦਾ ਹੁਕਮ ਹੋਇਆ, ਕਿ ਕਤਲ ਕਰ ਦਿੱਤਾ ਜਾਵੇ। ਜਦ ਸਾਈਂ ਮੀਆਂ ਮੀਰ ਨੂੰ ਇਸ ਫਤਵੇ ਦਾ ਪਤਾ ਲੱਗਾ ਤਾਂ ਉਨ੍ਹਾ ਕੌਲਾਂ ਨੂੰ ਕਿਹਾ ਕਿ ਤੇਰੇ ਲਈ ਇਕ ਹੀ ਬਚਾਅ ਹੈ ਕਿ ਤੂੰ ਗੁਰੂ ਦੀ ਸ਼ਰਨ ਵਿਚ ਅੰਮ੍ਰਿਤਸਰ ਚਲੀ ਜਾਵੇਂ। ਉਨ੍ਹਾਂ ਤੋਂ ਇਲਾਵਾ ਤੇਰੀ ਜਾਨ ਬਚਾਉਣ ਵਾਲਾ ਕੋਈ ਨਹੀਂ। ਕੌਲਾਂ ਨੂੰ ਸਾਈਂ ਮੀਆਂ ਮੀਰ ਦੀ ਨਸੀਹਤ ਪਸੰਦ ਆਈ ਤੇ ਉਹ ਅੰਮ੍ਰਿਤਸਰ ਗੁਰੂ-ਸ਼ਰਨ ਵਿਚ ਹਾਜ਼ਰ ਹੋਈ ਤੇ ਸਾਈਂ ਮੀਆਂ ਮੀਰ ਦੀ ਵਾਕਫੀਅਤ ਨਾਲ ਗੁਰੂ-ਸ਼ਰਨ ਵਿਚ ਰਹਿਣ ਲੱਗੀ। ਕੌਲਾਂ ਹਰ ਪਲ ਪ੍ਰਮੇਸ਼ਵਰ ਦੀ ਯਾਦ ਵਿਚ ਬਿਤਾਉਂਦੀ- ਕੁਝ ਸਮੇਂ ਪਿੱਛੋਂ ਕੌਲਾਂ ਨੇ ਆਪਣੇ ਸਾਰੇ ਗਹਿਣੇ ਤੇ ਨਕਦੀ ਗੁਰੂ ਜੀ ਦੇ ਚਰਨਾ ਵਿਚ ਰੱਖ ਕੇ ਅਰਦਾਸ ਕੀਤੀ ਕਿ ਇਨ੍ਹਾਂ ਨੂੰ ਕਿਸੇ ਧਰਮ- ਅਰਥ ਕਾਰਜ ਵਿਚ ਲਾ ਦਿਉ ਤਾਂ ਜੋ ਮੇਰਾ ਨਾਂ ਸੰਸਾਰ ਵਿਚ ਰਹਿ ਸਕੇ। ਗੁਰੂ ਜੀ ਨੇ ਉਸ ਧਨ ਨਾਲ ਕੌਲਸਰ ਨਾਂ ਦਾ ਸਰੋਵਰ ਬਣਾਇਆ ਜੋ ਅੱਜ ਤੱਕ ਸਭਾਇਮਾਨ ਹੈ। ਇਹ ਪਹਿਲੀ ਵਿਸ਼ੇਸ਼ ਰਾਜਸੀ ਸ਼ਰਨ ਸੀ ਜੋ ਗੁਰੂ-ਪਿਤਾ ਨੇ ਦਿਤੀ।

ਇਸ ਤਰ੍ਹਾਂ ਹੀ 'ਪੰਥ ਪ੍ਰਕਾਸ਼' ਦਾ ਲਿਖਾਰੀ ਭਾਈ ਰਤਨ ਸਿੰਘ ਇਕ ਰਵਾਇਤ ਦਾ ਜ਼ਿਕਰ ਕਰਦਾ ਹੈ ਕਿ ਜਦ ਜੈਸਲਮੇਰ ਦੇ ਰਾਜੇ ਰਾਮ ਪ੍ਰਤਾਪ ਨੂੰ ਤਖ਼ਤ ਤੋਂ ਬੇ-ਦਖ਼ਲ ਕੀਤਾ ਗਿਆ ਤਾਂ ਉਸ ਭੱਜ ਕੇ ਸਿੱਧੇ ਗੁਰੂ-ਘਰ ਦੀ ਸ਼ਰਨ ਲਈ। ਰਾਮ ਪ੍ਰਤਾਪ ਗੁਰੂ ਜੀ ਦਾ ਅਨਿੰਨ ਸੇਵਕ ਬਣ ਗਿਆ। ਜਦ ਗੁਰੂ ਹਰਗੋਬਿੰਦ ਸਾਹਿਬ ਜੀ ਜੋਤੀ-ਜੋਤ ਸਮਾਏ ਤਾਂ ਰਾਮ ਪ੍ਰਤਾਪ ਤੇ ਉਸ ਦਾ ਪੁੱਤਰ ਦੋਵੇਂ ਚਿਤਾ ਵਿਚ ਕੁੱਦ ਪਏ ਤੇ ਜਾਨ ਦੇ ਦਿੱਤੀ।

*ਯੁੱਧ ਜੀਤ ਆਏ*

ਗੁਰੂ ਹਰਗੋਬਿੰਦ ਪਾਤਸ਼ਾਹ ਜੀ ਨੇ ਮਨੁੱਖਤਾ ਦੀ ਅਜ਼ਾਦੀ, ਬਰਾਬਰੀ, ਸਵੈਮਾਨ ਤੇ ਜਬਰ- ਜ਼ੁਲਮ ਦੇ ਵਿਰੁੱਧ ਚਾਰ ਯੁੱਧ ਕੀਤੇ। ਪਹਿਲਾਂ ਸ੍ਰੀ ਅੰਮ੍ਰਿਤਸਰ, ਦੂਸਰਾ, ਸ੍ਰੀ ਹਰਿਗੋਬਿੰਦਪੁਰ, ਤੀਸਰਾ, ਨਥਾਣਾ, ਤੇ ਚੌਥਾ, ਕਰਤਾਰਪੁਰ- ਪਰ ਕਿਸੇ ਵਿਚ ਆਪ ਪਹਿਲਾਂ ਹਮਲਾਵਰ ਨਹੀਂ ਹੋਏ, ਕਿਸੇ ਵਿਚ ਵੀ ਜ਼ਰ, ਜੋਰੂ ਤੇ ਜ਼ਮੀਨ ਯੁੱਧ ਦਾ ਕਾਰਨ ਨਹੀਂ ਸੀ। ਸਾਰੇ ਹੀ ਯੁੱਧ ਸਵੈ-ਰੱਖਿਆ ਤੇ ਸਵੈਮਾਨ ਦੀ ਬਹਾਲੀ ਲਈ ਸਨ। ਸ਼ਕਤੀਸ਼ਾਲੀ ਮੁਗਲ ਸਾਮਰਾਜ ਦੇ ਵਿਰੋਧ ਵਿਚ ਹੋਏ, ਇਨ੍ਹਾਂ ਯੁੱਧਾਂ ਨੇ ਸਿੱਖਾਂ ਵਿਚ ਸਵੈ-ਵਿਸ਼ਵਾਸ ਤੇ ਭਰੋਸਾ ਭਰਿਆ ਅਤੇ ਉਨ੍ਹਾਂ ਨੂੰ ਆਪਣੇ ਬਾਹੂ-ਬਾਲ ਦਾ ਅਹਿਸਾਸ ਹੋਇਆ। ਗੁਰੂ ਜੀ ਦੀ ਅਗਵਾਈ ਵਿਚ ਕੌਮ ਪੱਕੇ ਪੈਰੀਂ ਖੜ੍ਹ ਗਈ।

ਚਾਰਾਂ ਜੰਗਾਂ ਵਿਚ ਗੁਰੂ ਜੀ ਨੇ ਖੁਦ ਦੁਸ਼ਮਣ ਸੈਨਾਪਤੀਆਂ ਨੂੰ ਮਾਰ ਮੁਕਾਇਆ ਪਰ ਕਿਸੇ ਵੀ ਜੰਗ ਵਿਚ ਇੰਚ ਜਗ੍ਹਾ ਜਾਂ ਜਾਇਦਾਦ 'ਤੇ ਕਬਜ਼ਾ ਨਹੀਂ ਕੀਤਾ। ਗੁਰੂ ਜੀ, ਤਾਂ ਦੁਸ਼ਮਣ 'ਤੇ ਵੀ ਵਾਰ ਕਰਨ ਲੱਗਿਆ ਪਰਉਪਕਾਰੀ ਬਿਰਤੀ ਦੇ ਧਾਰਨੀ ਰਹੇ- ਗੁੱਸੇ ਵਿਚ ਆ ਕੇ ਦੁਸ਼ਮਣ 'ਤੇ ਵਾਰ ਨਹੀਂ ਸਨ ਕਰਦੇ। ਸਮਕਾਲੀ ਇਤਿਹਾਸਕਾਰਾਂ ਨੇ ਠੀਕ ਹੀ ਲਿਖਿਆ ਹੈ, "ਗੁਰੂ ਜੀ ਕਦੀ ਵੀ ਵਾਰ ਗੁੱਸੇ ਵਿਚ ਨਹੀਂ ਸਨ ਕਰਦੇ, ਉਹ ਤਲਵਾਰ



www.AKJ.Org

ਇਸ ਤਰ੍ਹਾਂ ਚਲਾਉਂਦੇ ਸਨ, ਜਿਵੇਂ ਕਿਸੇ ਨੂੰ ਕੁਝ ਸਿਖਾਈਦਾ। ਤਲਵਾਰ ਇਉਂ ਚਲਾਉਂਦੇਂ ਜਿਵੇਂ ਉਸਤਾਦ ਕਿਸੇ ਸ਼ਗਿਰਦ ਨੂੰ ਕਲਮ ਘੜਨ ਦਾ ਵੱਲ ਸਿਖਾਉਂਦਾਂ ਹੈ।"

*ਫ਼ਕੀਰ ਨ ਹਿੰਦੂ ਨ ਮੁਸਲਮਾਨ-*

ਗੁਰੂ ਹਰਿਗੋਬਿੰਦ ਪਾਤਸ਼ਾਹ ਨੇ ਗੁਰੂ ਨਾਨਕ ਦੇਵ ਤੋਂ ਪਿੱਛੋਂ ਸਭ ਤੋਂ ਵੱਧ ਯਾਤਰਾ ਮਾਨਵਤਾ ਦੇ ਉਧਾਰ ਹਿਤ ਕੀਤੀ। ਜਦ ਗੁਰੂ ਹਰਿਗੋਬਿੰਦ ਸਾਹਿਬ ਕਸ਼ਮੀਰ ਫੇਰੀ 'ਤੇ ਗਏ ਤਾਂ ਵਾਪਸੀ 'ਤੇ ਮੁਜ਼ਫਰਾਬਾਦ, ਏਬਟਾਬਾਦ, ਆਦਿ ਥਾਵਾ 'ਤੇ ਪੜਾਅ ਕਰਦੇ ਹੋਏ ਗੁਜਰਾਤ ਵਿਚ ਆਣ ਬਿਰਾਜੇ। ਉਥੇ ਸ਼ਾਹ ਦੌਲਾ ਨਾਂ ਦਾ ਫ਼ਕੀਰ ਰਹਿੰਦਾ ਸੀ- ਉਸ ਨਾਲ ਵਿਚਾਰ-ਚਰਚਾ ਕੀਤੀ। ਫਕੀਰ ਨੇ ਕਿਹਾ :-

ਹਿੰਦੂ ਕੀ ਤੇ ਪੀਰ ਕੀ ? ਔਰਤ ਕੀ ਤੇ ਫ਼ਕੀਰ ਕੀ ?<br>
ਦੌਲਤ ਕੀ ਤੇ ਦਰਵੇਸ਼ੀ ਕੀ ? ਪੁੱਤਰ ਕੀ ਤੇ ਯੋਗੇਸ਼ ਕੀ ?

ਉੱਤਰ ਵਿਚ ਗੁਰਦੇਵ ਨੇ ਫੁਰਮਾਇਆ :

ਔਰਤ ਈਮਾਨ ਹੈ। ਦੌਲਤ ਗੁਜ਼ਰਾਨ ਹੈ,<br>
ਪੁੱਤਰ ਨਿਸ਼ਾਨ ਹੈ, ਫਕੀਰ ਨ ਹਿੰਦੂ ਨਾ ਮੁਸਲਮਾਨ ਹੈ।

*ਬਾਤਨ ਫ਼ਕੀਰੀ-ਜ਼ਾਹਰ ਅਮੀਰੀ*

ਮੀਰੀ-ਪੀਰੀ ਦੇ ਮਾਲਕ ਸਾਹਿਬ ਸ੍ਰੀ ਗੁਰੂ ਹਰਿਗੋਬਿੰਦ ਜੀ ਨੂੰ ਸਮਰਥ ਰਾਮਦਾਸ ਹਰਦੁਆਰ ਨੇੜੇ ਸ੍ਰੀ ਨਗਰ ਦੇ ਅਸਥਾਨ 'ਤੇ ਮਿਲਿਆ। ਗੁਰੂ ਜੀ ਨੂੰ ਸ਼ਾਹੀ ਪੁਸ਼ਾਕ ਵਿਚ ਦੇਖ ਕੇ ਸਮਰਥ ਰਾਮਦਾਸ ਨੇ ਸ਼ੰਕਾ ਪ੍ਰਗਟ ਕੀਤਾ– ਮੈਂ ਸੁਣਿਆ ਹੈ ਕਿ ਤੁਸੀਂ ਤਾ ਗੁਰੂ ਨਾਨਕ ਦੇਵ ਜੀ ਦੀ ਗੱਦੀ 'ਤੇ ਬਿਰਾਜਮਾਨ ਹੋ, ਗੁਰੂ ਨਾਨਕ ਦੇਵ ਤਾਂ ਇਕ ਤਿਆਗੀ ਸਾਧੂ ਸੀ ਤੇ ਤੁਸੀਂ ਸ਼ਾਹੀ ਠਾਠ-ਬਾਠ ਵਿਚ ਹਥਿਆਰਬੰਦ ਹੋ ? ਫ਼ੌਜਾਂ ਘੋੜੇ ਰੱਖੇ ਹਨ– ਸੱਚਾ ਪਾਤਸ਼ਾਹ ਅਖਵਾਉਂਦੇ ਹੋ- ਤੁਸੀਂ ਕਿਸ ਤਰ੍ਹਾ ਦੇ ਸਾਧੂ ਹੋ ? ਗੁਰੂ ਜੀ ਨੇ ਫੁਰਮਾਇਆ :

"ਬਾਤਨ ਫਕੀਰੀ, ਜ਼ਾਹਿਰ ਅਮੀਰੀ ਸ਼ਸਤਰ ਗਰੀਬ ਕੀ ਰੱਖਿਆ, ਜਰਵਾਨੇ ਦੀ ਭਖਿਆ,<br>
ਬਾਬੇ ਨਾਨਕ ਸੰਸਾਰ ਨਹੀਂ ਤਿਆਗਿਆ, ਮਾਇਆ ਤਿਆਗੀ ਥੀ।"

ਸਮਰਥ ਰਾਮਦਾਸ ਇਸ ਜੁਆਬ ਤੋਂ ਬਹੁਤ ਪ੍ਰਸੰਨ ਹੋਇਆ ਤੇ ਕਿਹਾ- 'ਯਹ ਹਮਾਰੇ ਮਨ ਭਾਵਤੀ ਹੈ।" ਸਮਰਥ ਰਾਮਦਾਸ ਸ਼ਿਵਾ ਜੀ ਦਾ ਵਿਦਿਆ ਗੁਰਦੇਵ ਸੀ। ਇਸ ਨੇ ਹੀ ਸ਼ਿਵਾ ਜੀ ਨੂੰ ਸ਼ਸਤਰਾ ਦਾ ਧਰਮ ਦੱਸਿਆ– ਤਾਂ ਜਾ ਕੇ ਗੁਲਾਮੀ ਦੀਆਂ ਜ਼ੰਜੀਰਾਂ ਤੋਂ ਮਹਾਂਰਾਸ਼ਟਰ ਅਜ਼ਾਦ ਹੋਇਆ।

*ਸਤਿਗੁਰੂ ਪ੍ਰੀਤਿ ਗੁਰਸਿਖ ਮੁਖਿ ਪਾਇ*

ਇਕ ਵੇਰ ਕਸ਼ਮੀਰ ਫੇਰੀ ਸਮੇਂ ਸਤਿਗੁਰੂ, ਗੁਰੂ ਹਰਿਗੋਬਿੰਦ ਜੀ ਨੇ ਇਕ ਸਿੱਖ ਦਾ ਉਨ੍ਹਾਂ ਦੇ ਵਾਸਤੇ ਲਿਆਂਦਾ ਸ਼ਹਿਦ ਖਾਣੋ, ਇਸ ਕਰਕੇ ਨਾਂਹ ਕਰ ਦਿੱਤੀ ਕਿਉਂਕਿ ਉਸ ਨੇ ਇਹੀ ਸ਼ਹਿਦ ਗੁਰੂ-ਘਰ ਦੇ ਪ੍ਰੀਤਵਾਨ ਗੁਰਸਿੱਖ, ਭਾਈ ਕੱਟੂਸ਼ਾਹ ਨੂੰ ਮੰਗਣ 'ਤੇ ਦੇਣੋ ਨਾਹ ਕਰ ਦਿੱਤੀ ਸੀ। ਗੁਰੂ ਜੀ ਆਪਣੇ ਗੁਰਸਿੱਖਾਂ ਵਿਚ ਭਿੰਨ-ਭੇਦ ਨਹੀਂ ਸਨ ਸਮਝਦੇ-ਇਸ ਲਈ ਗੁਰੂ ਜੀ ਨੇ ਕਿਹਾ, ਜਦੋਂ ਮੈ ਖਾਣ ਲਈ ਮੰਗਿਆ ਸੀ, ਤੁਸੀਂ ਨਹੀਂ ਦਿੱਤਾ, ਹੁਣ ਇਹ ਪ੍ਰਵਾਨ ਕਰਨਾ ਮੁਸ਼ਕਲ ਹੈ। ਗੁਰੂ ਦੀ ਖ਼ੁਸ਼ੀ ਤਾਂ ਹੈ ਜੇ ਗੁਰੂ ਦਾ ਸਿੱਖ ਖੁਸ਼ ਹੈ।

*ਸਤਿਗੁਰੂ ਨਿਰਵੈਰ ਹੈ*

ਮੀਰੀ-ਪੀਰੀ ਦੇ ਮਾਲਕ ਸਾਹਿਬ ਸ੍ਰੀ ਗੁਰੂ ਹਰਿਗੋਬਿੰਦ ਦੀ ਦੇਖ-ਰੇਖ ਹੇਠ ਪਲਿਆ ਪੈਂਦੇ ਖ਼ਾਂ ਕਰਤਾਰਪੁਰ 'ਤੇ ਫੌਜ ਚਾੜ੍ਹ ਲਿਆਇਆ। ਉਸ ਨੂੰ ਹੰਕਾਰ ਸੀ ਕਿ ਗੁਰੂ ਜੀ ਦੀਆਂ ਜਿੱਤਾ ਦਾ ਕਾਰਨ ਉਸ ਦੀ ਬਹਾਦਰੀ ਹੈ। ਅਸਮਾਨ ਖ਼ਾਂ ਝਾਗੜੀ ਇਨ੍ਹਾਂ ਦਾ ਸੈਨਾਪਤੀ ਸੀ। ਲੜਾਈ ਸ਼ੁਰੂ ਹੋਈ ਤਾਂ ਗੁਰੂ ਜੀ ਨੇ ਪੈਂਦੇ ਖ਼ਾ ਨੂੰ ਕਿਹਾ, "ਤੂੰ ਪਹਿਲਾਂ ਵਾਰ ਕਰ ਤਾ ਜੋ ਮਨ ਵਿਚ ਸ਼ੰਕਾ ਨਾ ਰਹਿ ਜਾਵੇ। ਪੈਂਦੇ ਖ਼ਾਂ ਨੇ ਵਾਰੀ-ਵਾਰੀ ਤਿੰਨ ਵਾਰ ਕੀਤੇ ਪਰ ਸਭ ਅਸਫਲ ਗਏ। ਗੁਰੂ ਜੀ ਨੇ ਫਿਰ ਸਿਖਾਉਣ ਦੀ ਮਨੋਬਿਰਤੀ ਨਾਲ ਕਿਹਾ, ਵਾਰ ਇਉਂ ਨਹੀਂ, ਇਉਂ ਕਰੀਦਾ ਹੈ ਤੇ ਪਹਿਲੇ ਵਾਰ ਨਾਲ ਹੀ ਪੈਂਦੇ ਖ਼ਾਂ ਨੂੰ ਧਰਤੀ 'ਤੇ ਲਿਟਾ ਦਿੱਤਾ। ਸਮਕਾਲੀ



www.AKJ.Org

ਇਤਿਹਾਸਕਾਰਾਂ ਨੇ ਠੀਕ ਹੀ ਲਿਖਿਆ ਹੈ ਕਿ ਗੁਰੂ ਹਰਿਗੋਬਿੰਦ ਸਾਹਿਬ ਜੀ ਲੜਾਈ ਦੇ ਮੈਦਾਨ ਵਿਚ ਵੀ ਸਿਖਲਾਈ ਦੇਂਦੇ ਸਨ, ਕੋਈ ਵੈਰ-ਵਿਰੋਧ ਨਹੀਂ ਸਨ ਕਰਦੇ। ਪੈਂਦੇ ਖ਼ਾਂ ਆਖ਼ਰੀ ਸਾਹ ਗਿਣ ਰਿਹਾ ਸੀ ਤਾਂ ਗੁਰੂ ਜੀ ਨੇ ਉਸ ਦੇ ਜ਼ਖ਼ਮੀ ਚੇਹਰੇ 'ਤੇ ਢਾਲ ਦੀ ਛਾਂ ਕੀਤੀ ਤੇ ਕਿਹਾ– "ਪੈਂਦੇ ਖ਼ਾਂ, ਤੇਰਾ ਅੰਤਿਮ ਸਮਾਂ ਨੇੜੇ ਹੈ। ਕਲਮਾ ਪੜ੍ਹ ਲੈ।" ਤੜਫਦੇ ਹੋਏ ਪੈਂਦੇ ਖ਼ਾਂ ਨੇ ਬਸ ਇਹੀ ਕਿਹਾ 'ਸਤਿਗੁਰੂ ਜੀ, ਤੁਹਾਡੀ ਤੇਗ ਹੀ ਮੇਰੇ ਲਈ ਕਲਮਾ ਹੈ।' ਤੇ ਪੈਂਦੇ ਖ਼ਾਂ ਅਲਾਹ ਨੂੰ ਪਿਆਰਾ ਹੋ ਗਿਆ। ਗੁਰੂ ਜੀ ਨੇ ਪੈਂਦੇ ਖ਼ਾਂ ਦੀਆਂ ਅੰਤਿਮ ਰਸਮਾਂ ਆਪਣੇ ਹੱਥੀਂ ਕੀਤੀਆਂ। ਸਤਿਗੁਰੂ ਤਾਂ 'ਸਭੁ ਕੋ ਮੀਤੁ ਹਮ ਆਪਨ ਕੀਨਾ– ਹਮ ਸਭਨਾ ਕੇ ਸਾਜਨ' ਦਾ ਅਮਲੀ ਪਾਠ ਪੜ੍ਹਾ ਰਹੇ ਸਨ।

*ਗੁਰੂ ਜੀ ਦੀ ਸ਼ਖ਼ਸੀਅਤ -ਇਕ ਝਲਕ*

ਗੁਰੂ ਜੀ ਦੀ ਸ਼ਖ਼ਸੀਅਤ ਨੂੰ ਰੂਪਮਾਨ ਕਰਨਾ ਅਸੰਭਵ ਹੈ, ਉਨ੍ਹਾਂ ਦੀ ਸਮੁੱਚੀ- ਸ਼ਖ਼ਸੀਅਤ ਨੂੰ ਰੂਪਮਾਨ ਨਹੀਂ ਕੀਤਾ ਜਾ ਸਕਦਾ ਹੈ। ਇਸ ਦਾ ਅਨੁਭਵ ਹੋ ਸਕਦਾ ਹੈ ਵਿਦਵਾਨਾਂ-ਇਤਿਹਾਸਕਾਰਾਂ ਅਨੁਸਾਰ, ਗੁਰੂ ਜੀ ਅਦੁੱਤੀ ਸੋਹਣੇ ਤੇ ਸਿੱਠੇ ਸੁਭਾਅ ਵਾਲੇ ਸਨ। ਚਮਕਦੇ ਨਹੁੰ, ਸੋਹਣੇ ਪੈਰ ਭਰਵੀਆਂ ਬਾਹਵਾਂ, ਮਨਮੋਹਕ ਗੋਰਾ ਰੰਗ, ਉਚਾ ਭਰਵਾਂ ਸਰੀਰ। ਸੂਰਬੀਰਤਾ ਧੀਰਜ, ਉਦਾਰਤਾ, ਸਹਿਣਸ਼ੀਲਤਾ, ਨਿਡਰਤਾ, ਸੁਤੰਤਰਤਾ, ਸ਼ਰਨ ਆਏ ਦੀ ਸਹਾਇਤਾ ਕਰਨਾ ਆਦਿ ਸ਼ੁਭ ਗੁਣਾ ਦੀ ਖਾਨ ਸਨ– ਹਰ ਸੈਨਿਕ ਕਰਤੱਵ, ਪ੍ਰਬੰਧ ਤੇ ਨਿਆਂਸ਼ੀਲਤਾ ਵਿਚ ਪ੍ਰਬੀਨ। ਭਜਨ-ਬੰਦਗੀ ਪ੍ਰਭੂ-ਕੀਰਤੀ ਵੀ ਕਰਦੇ- ਪਹਿਰਾਵਾ ਬਾਦਸ਼ਾਹਾਂ ਵਾਲਾ ਤੇ ਰਹਿਣੀ ਫ਼ਕੀਰਾਂ ਵਾਲੀ ਸਵੇਰ ਵੇਲੇ ਪਾਠ, ਕਥਾ, ਕੀਰਤਨ ਉਪਰੰਤ ਉਪਦੇਸ਼ ਕਰਦੇ। ਦੁਪਹਿਰੇ ਲੰਗਰ ਦੇ ਪ੍ਰਬੰਧ ਦੀ ਨਿਗਰਾਨੀ ਕਰਦੇ ਤਾਂ ਜੋ ਕਿਧਰੇ ਕੋਈ ਗਰੀਬ ਭੁੱਖਾ ਨਾ ਰਹੇ। ਸ਼ਾਮ ਨੂੰ ਫ਼ੌਜਦਾਰੀ ਮੁਕੱਦਮੇ ਸੁਣਦੇ –ਦੋਵੇਂ ਧਿਰਾਂ ਫੈਸਲਾ ਪ੍ਰਵਾਨ ਕਰਦੀਆਂ। ਫਿਰ ਸਰੀਰਕ ਕਰਤੱਬ ਤੱਕਦੇ- ਪਿੱਛੋਂ ਯੋਧਿਆਂ ਦੀਆਂ ਵਾਰਾਂ ਸੁਣਦੇ। ਰਹਿਰਾਸ ਜੀ ਦਾ ਪਾਠ ਕਰਨ ਉਪਰੰਤ ਆਪਣੇ ਦਿਨ ਦੇ ਕਾਰ-ਵਿਹਾਰ ਨੂੰ ਸਮਾਪਤ ਕਰਦੇ। ਇਸ ਤਰ੍ਹਾਂ ਗੁਰੂ ਜੀ ੪੮ ਸਾਲ ਨੌਂ ਮਹੀਨੇ ਤੇ ਚਾਰ ਦਿਨ ਦੀ ਸੰਸਾਰਿਕ ਯਾਤਰਾ ਸੰਪੂਰਨ ਕਰ, ਨਿਰੰਕਾਰ ਵਿਚ ਲੀਨ ਹੋ ਗਏ। ▬

## ਧੰਨਵਾਦ

ਪ੍ਰਧਾਨ ਸਾਹਿਬ ਸ੍ਰ: ਅਵਤਾਰ ਸਿੰਘ ਲਾਇਲ ਅਤੇ ਹੋਰ ਪ੍ਰਬੰਧਕ ਸੱਜਣਾਂ (ਗੁ: ਸ੍ਰੀ ਗੁਰੂ ਸਿੰਘ ਸਭਾ, ਰੇਲਵੇ ਰੋਡ ਹੁਸ਼ਿਆਰਪੁਰ) ਦਾ ਹਾਰਦਿਕ ਧੰਨਵਾਦ ਹੈ ਜਿਨ੍ਹਾਂ ਨੇ ਸ਼ਹੀਦੀ ਪੁਰਬ ਦੇ ਸਮਾਗਮਾਂ ਸਮੇਂ ਸੂਰਾ ਮਾਸਿਕ ਪੱਤਰ ਦੇ ਸਟਾਲ ਤੇ ਸੰਗਤਾਂ ਤਾਈਂ ਗੁਰ ਸ਼ਬਦ ਦਾ ਲੰਗਰ ਪਰੋਸਣ ਵਿਚ ਨਿੱਘਾ ਸਹਿਯੋਗ ਦੇ ਕੇ ਦਾਸਰਿਆਂ ਨੂੰ ਨਿਵਾਜਿਆ ਹੈ। ਅੱਗੋਂ ਲਈ ਵੀ ਅਸੀਂ ਇਸੇ ਤਰਾਂ ਦੇ ਸਹਿਯੋਗ ਦੀ ਆਸ ਕਰਦੇ ਹਾਂ।

ਦਾਸਰੇ :- ਸੂਰਾ ਪਰਿਵਾਰ ਲੁਧਿਆਣਾ

## ਸੰਗਤਾਂ ਪ੍ਰਤੀ ਜ਼ਰੂਰੀ ਬੇਨਤੀ

ਗੁਰੂ ਪਿਆਰੀਆਂ ਸੰਗਤਾਂ ਭਲੀ ਪ੍ਰਕਾਰ ਜਾਣਦੀਆਂ ਹਨ ਕਿ ਆਪ ਜੀ ਦਾ ਹਰਮਨ ਪਿਆਰਾ ਸੂਰਾ ਪੱਤਰ ਲਾਗਤ ਕੀਮਤ ਤੋਂ ਬਹੁਤ ਘੱਟ ਭੇਟਾ ਤੇ ਸੰਗਤਾਂ ਨੂੰ ਭੇਜਿਆ ਜਾ ਰਿਹਾ ਹੈ। ਇਹ ਸਭ ਆਪ ਸੰਗਤਾਂ ਦੇ ਦਿੱਤੇ ਸਹਿਯੋਗ ਕਾਰਨ ਹੀ ਸੰਭਵ ਹੈ। ਬੇਨਤੀ ਹੈ ਕਿ ਇਸ ਗੁਰ ਸ਼ਬਦ ਦੇ ਲੰਗਰ ਨੂੰ ਜਾਰੀ ਰੱਖਣ ਲਈ ਹੋਰ ਹੰਭਲਾ ਮਾਰਨ ਦੀ ਲੋੜ ਹੈ। ਦੇਸ ਵਿਦੇਸ਼ ਦੀਆਂ ਸੰਗਤਾਂ ਪ੍ਰਤੀ ਬੇਨਤੀ ਹੈ ਕਿ ਵੱਧ ਤੋਂ ਵੱਧ ਮਾਇਆ ਆਪਣੇ ਕੋਲੋਂ ਜਾਂ ਹੋਰ ਸੱਜਣਾਂ ਪਾਸੋਂ ਇਕਤ੍ਰ ਕਰਕੇ ਸੂਰਾ ਸਹਾਇਤਾ ਫੰਡ ਲਈ ਭੇਜੋ ਜੀ ਤਾਂ ਕਿ ਇਹ ਸੇਵਾ ਬਿਨਾ ਕਿਸੇ ਰੁਕਾਵਟ ਨਿਰੰਤਰ ਜਾਰੀ ਰਹਿ ਸਕੇ। ਦਾਸਰੇ :- ਸੂਰਾ ਪਰਿਵਾਰ।

## ਸੂਰਾ ਪੱਤਰ ਲਈ ਪੁੱਜੀ ਸਹਾਇਤਾ

| | | | |
|---|---|---|---|
| ਸ੍ਰ ਦਵਿੰਦਰ ਸਿੰਘ- | 33/- | ਮਾਤਾ ਸੰਤ ਕੌਰ ਦੀ ਯਾਦ ਵਿਚ- | 1000/- |
| ਭਾਈ ਹਰਮੂਰਤ ਸਿੰਘ ਦੀ ਯਾਦ ਵਿਚ- | 101/- | ਸ੍ਰ ਰਵਿੰਦਰ ਪਾਲ ਸਿੰਘ- | 500/- |
| ਭਾਈ ਸੁਰਜੀਤ ਸਿੰਘ ਦੀ ਯਾਦ ਵਿਚ- | 500/- | ਗੁਪਤ- | 100/- |
| ਸ੍ਰ ਹਰਜੀਤ ਸਿੰਘ ਜਲੰਧਰ- | 50/- | ਗੁਪਤ- | 50/-ੀ |



www.AKJ.Org

# ਗੁਰਮਤਿ ਅਧਿਆਤਮ ਕਰਮ ਫ਼ਿਲਾਸਫ਼ੀ

(ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ)

(ਲੜੀ ਜੋੜਨ ਲਈ ਸੂਰਾ ਮਈ ੨੦੦1 ਦੇਖੋ)

ਤਨੁ ਬੈਸੰਤਰਿ ਹੋਮੀਐ ਇਕ ਰਤੀ ਤੋਲਿ ਕਟਾਇ ॥
ਤਨੁ ਮਨੁ ਸਮਧਾ ਜੇ ਕਰੀ ਅਨਦਿਨ ਅਗਨਿ ਜਲਾਇ ॥
ਹਰਿ ਨਾਮੈ ਤੁਲਿ ਨ ਪੁਜਈ ਜੇ ਲਖ ਕੋਟੀ ਕਰਮ ਕਮਾਹਿ ॥੨॥
ਅਰਧ ਸਰੀਰ ਕਟਾਈਐ ਸਿਰਿ ਕਰਵਤੁ ਧਰਾਇ ॥
ਤਨੁ ਹੈਮੰਚਲ ਗਾਲੀਐ ਭੀ ਮਨ ਤੇ ਰੋਗੁ ਨ ਜਾਇ ॥
ਹਰਿ ਨਾਮੈ ਤੁਲਿ ਨ ਪੁਜਈ ਸਭ ਡਿਠੀ ਠੋਕਿ ਵਜਾਇ ॥੩॥
ਕੰਚਨ ਕੇ ਕੋਟ ਦਤੁ ਕਰੀ ਬਹੁ ਹੈਵਰ ਗੈਵਰ ਦਾਨੁ ॥
ਭੂਮਿ ਦਾਨੁ ਗਊਆ ਘਣੀ ਭੀ ਅੰਤਰਿ ਗਰਬੁ ਗੁਮਾਨੁ ॥
ਰਾਮ ਨਾਮਿ ਮਨੁ ਬੇਧਿਆ ਗੁਰਿ ਦੀਆ ਸਚੁ ਦਾਨੁ ॥
ਮਨ ਹਠ ਬੁਧੀ ਕੇਤੀਆ ਕੇਤੇ ਬੇਦ ਬੀਚਾਰ ॥
ਕੇਤੇ ਬੰਧਨ ਜੀਅ ਕੇ ਗੁਰਮੁਖਿ ਮੋਖ ਦੁਆਰ ॥
ਸਚਹੁ ਓਰੈ ਸਭੁ ਕੋ ਉਪਰਿ ਸਚੁ ਆਚਾਰੁ ॥
ਸਭੁ ਕੋ ਊਚਾ ਆਖੀਐ ਨੀਚੁ ਨ ਦੀਸੈ ਕਇ ॥
ਇਕਨੈ ਭਾਂਡੇ ਸਾਜਿਐ ਇਕ ਚਾਨਣੁ ਤਿਹੁ ਲੋਇ ॥
ਕਰਮਿ ਮਿਲੈ ਸਚੁ ਪਾਈਐ ਧੁਰਿ ਬਖਸ ਨ ਮੇਟੈ ਕੋਇ ॥੬॥
ਸਾਧ ਮਿਲੈ ਸਾਧ ਜਨੈ ਸੰਤੋਖ ਵਸੈ ਗੁਰ ਭਾਇ ॥
ਅਕਥ ਕਥਾ ਵੀਚਾਰੀਐ ਜੇ ਸਤਿਗੁਰੂ ਮਾਹਿ ਸਮਾਇ ॥
ਪੀ ਅੰਮ੍ਰਿਤ ਸੰਤੋਖਿਆ ਦਰਗਹਿ ਪੈਧਾ ਜਾਇ ॥੭॥
ਘਟਿ ਘਟਿ ਵਾਜੈ ਕਿੰਗੁਰੀ ਅਨਦਿਨੁ ਸਬਦਿ ਸੁਭਾਇ ॥
ਵਿਰਲੇ ਕਉ ਸੋਝੀ ਪਈ ਗੁਰਮੁਖਿ ਮਨੁ ਸਮਝਾਇ ॥
ਨਾਨਕ ਨਾਮੁ ਨ ਵੀਸਰੈ ਛੂਟੈ ਸਬਦੁ ਕਮਾਇ ॥੮॥੧੪॥ (ਸਿਰੀਰਾਗੁ ਮ: ੧, ਪੰਨਾ ੬੨

ਵਿਆਖਿਆ:- ਆਨਮਤੀ ਕਰਮ-ਕਾਂਡੀਏ ਬੜੇ ਹੀ ਭਿਅੰਕਰ ਰੂਪ ਵਿਚਿ ਹਠ ਕਰਮ ਕਰਦੇ ਹਨ ਈਸ਼ਵਰ ਦੀ ਪ੍ਰਾਪਤੀ ਲਈ, ਪਰ ਓਹ ਕਿਸੇ ਭੀ ਲੇਖੇ ਨਹੀ ਪੈਂਦੇ। ਹਵਨ ਦੀ ਥਾਉਂ ਚਾਹੇ ਕੋਈ ਮੂੜ ਕਰਮ-ਕਾਂਡੀ ਆਪਣੇ ਸਰੀਰ ਨੂੰ ਅਗਨੀ ਦੀ ਭੇਟ ਕਰ ਦੇਵੇ, ਅੱਗ ਵਿਚਿ ਹੋਮ ਦੇਵੇ ਅਗਨੀ ਨੂੰ ਦੇਵਤਾ ਸਮਝ ਕੇ (ਜੈਸਾ ਕਿ ਅਕਸਰ ਹਿੰਦੂ ਲੋਗ ਸਮਝਿਆ ਕਰਦੇ ਹਨ) ਆਪਣੇ ਤਨ ਨੂੰ ਉਸ ਦੀ ਭੇਟਾ ਚੜ੍ਹਾ ਦੇਵੇ, ਜਲਾ ਦੇਵੇ, ਇਕ ਇਕ ਰੱਤੀ ਭਰ ਤੋਲ ਦੇ ਬਰਾਬਰ ਕੱਟ ਕੱਟ ਕੇ ਆਪਣੇ ਸਾਰੇ ਸਰੀਰ ਨੂੰ ਅੱਗ ਵਿਚਿ ਹੋਮ ਦੇਵੇ। ਆਪਣੇ ਤਨ ਤੇ ਮਨ ਦਾ ਬਾਲਣ ਬਣਾ ਕੇ ਸਮਧਾ (ਹਵਨ ਦੀ ਲਕੜੀ) ਬਣਾ ਕੇ ਦਿਨ ਰਾਤ ਅਗਨੀ ਵਿਚਿ ਸਾੜੇ, ਧੂਣੀਆਂ ਤਾਪੇ । ਇਹੋ ਜਿਹੇ ਭਾਵੇਂ ਕੋਈ ਲਖ ਤੇ ਕ੍ਰੋੜ ਪਖੰਡ ਕਰਮ ਕਰੇ, ਵਾਹਿਗੁਰੂ ਨਾਮ ਦੀ ਤਿਲ ਮਾਤ੍ਰ ਅਭਿਆਸ ਕਮਾਈ ਦੇ ਬਰਾਬਰ ਨਹੀ ਪੁਜਦੇ ॥੨॥

ਸਿਰ ਤੇ ਕਲਵਤਰ ਆਰਾ ਧਰਾਇ ਕੈ ਸਰੀਰ ਨੂੰ ਅੱਧੋ ਅੱਧ ਚਿਰਾ ਲਈਐ ਕਟਾ ਲਈਐ ਫੇਰ ਭੀ ਮਨ ਵਿਚੋਂ ਹਉਮੈ ਰੋਗ ਨਹੀ ਜਾਂਦਾ । ਇਹ ਸਾਰੇ ਹਠ ਕਰਮ ਵਹਿਗੁਰੂ ਦੇ ਨਾਮ ਬਰਾਬਰ ਨਹੀ ਅਪੜਦੇ। ਸਭ ਹਠ -ਕਰਮੀ ਲੁਕਾਈ ਠੋਕ ਅਜ਼ਮਾ ਕੇ ਦੇਖ ਲਈ ਹੈ। ਨਾਮ ਦੀ ਤੁੱਲਤਾ ਨੂੰ ਏਹਨਾਂ ਦੇ ਉਗੱਰ ਤੋਂ ਉਗੱਰ ਤਪ -ਕਰਮ ਨਹੀਂ ਪੁਜਦੇ ॥੩॥



www.AKJ.Org

ਭਾਂਵੇਂ ਕੋਈ ਸੋਨੇ ਦੇ ਕੋਟ ਕਿਲਿਆ ਦੀ ਦਾਤਿ ਦਾ ਦਾਤਾਰ ਬਣ ਜਾਵੇ, ਬੜੇ ਬੜੇ ਬਹੁਤੇ ਬਹੁਤੇ ਵਡਮੁੱਲੇ ਘੋੜਿਆ ਅਤੇ ਹਾਥੀਆਂ ਦੇ ਦਾਨ ਕਰਨ ਵਾਲਾ ਦਾਨੀ ਬਣ ਬੈਠੇ ਘਣੀਆ ਗਊਆਂ ਦਾ ਦਾਨ ਸਾਰੀ ਜਾਇਦਾਦ ਭੂਮੀ ਦਾ ਦਾਨ ਭੀ ਕੋਈ ਕਰਮ-ਅਭਿਆਸੀ ਕਰਿ ਗੁਜ਼ਰੇ, ਫੇਰ ਭੀ ਉਸ ਦੇ ਅੰਦਰੋਂ ਗਰਬ ਗੁਮਾਨਨਹੀ ਜਾਦਾਂ। ਇਹ ਗੁਰੂ ਦਾ ਬਖਸ਼ਿਆ ਨਾਮ ਹੀ ਹੈ ਜੋ ਮਨ . ਨੂੰ ਬੇਧ ਕੇ ਨਿੱਸਲ ਕਰ ਦਿੰਦਾ ਹੈ। ਮਨ ਦਾ ਉਕਾ ਅਭਾਵ ਕਰਨ ਨੂੰ ਸਮਰੱਥ ਇਕੋ ਗੁਰਮਤਿ ਨਾਮੁ ਹੈ॥੪॥

ਅਜਿਹੀਆ ਅਣਗਿਣਤ ਮਨ-ਹਠ ਬੁੱਧੀਆ ਦੇ ਅਧੀਨੀ ਅਣਗਿਣਤ ਮਨ-ਹਠ ਕਰਮ ਕਮਾਉਣ ਵਾਲੇ ਹਨ ਅਤੇ ਅਜਿਹੇ ਮਨ-ਹਠ ਕਰਮ ਕਮਾਉਣ ਨੂੰ ਪ੍ਰੇਰਨ ਵਾਲੇ ਕੇਤੜੇ ਹੀ ਅਨੇਕਾਂ ਹੀ ਬੇਦ ਵੀਚਾਰ ਹਨ ਬਿਸਥਾਰ ਪੂਰਬਕ, ਏਤੜੇ ਕਿਤਨੇ ਹੀ ਉਪਰ ਦਸੇ ਮਨ-ਹਠ ਦੁੱਤਰ ਕਰਮਾਂ ਸਮ ਅਣਗਿਣਤ ਆਨਮਤ ਕਰਮ ਹਨ, ਪਰ ਇਹ ਸਭ ਜੀਆਂ ਦੇ ਬੰਧਨ ਰੂਪ ਮਨਮੁਖੀ ਕਰਮ ਹੀ ਹਨ। ਗੁਰਮੁਖਾ ਦੇ ਕੀਤੇ ਕਮਾਤੇ ਗੁਰਮਤਿ ਕਰਮ ਹੀ ਮੋਖ ਦੁਆਰੀ ਕਰਮ ਹਨ, ਜਿਨਾਂ ਦੇ ਕੀਤਿਆਂ ਕਮਾਇਆਂ ਮੋਖ ਦੁਆਰਾ ਪ੍ਰਾਪਤਿ ਹੁੰਦਾ ਹੈ। ਗੁਰਮਤਿ ਨਾਮੁ ਰੂਪੀ ਸਚੁ ਹੀ ਕਮਾਇਆ ਹੋਇਆ ਸਭ ਤੋਂ ਸੱਚਾ ਸੁੱਚਾ ਉਚਾ ਕਰਮ ਹੈ। ਇਸ ਸੱਚ ਸਰੂਪ ਗੁਰਮਤਿ ਨਾਮੁ ਕਰਮ ਤੋਂ ਸਭ ਆਨਮਤ ਕੰਰਮ ਉਰੇਡੇ, ਹਿਠਾਹਾਂ ਹੀ ਹਨ। ਸਚੁ ਰੂਪੀ ਅਰਥਾਤ ਸੱਚਾ ਗੁਰਮਤਿ ਨਾਮੁ ਰੂਪੀ ਕਰਮ (ਆਚਾਰੁ) ਹੀ ਸਭ ਤੋਂ ਉੱਚਾ ਸਭ ਤੋਂ ਉਪਰਲੇ (ਸਿਖਰਲੇ) ਦਰਜੇ ਦਾ ਕਰਮੁ (ਆਚਾਰ) ਹੈ*॥੪॥

ਇਹ ਸਾਰੇ ਆਨਮਤ ਕਰਮ ਕਾਡੀ ਆਪਣੇ ਆਪ ਨੂੰ ਇਕ ਦੂਜੇ ਤੋਂ ਉਚਾ ਅਖਾਉਦੇ ਹਨ, ਘੱਟ ਯਾ ਨੀਚਾ ਕੋਈ ਭੀ ਨਹੀ ਸਦਾਉਦਾ। ਪਰ ਜਿਸ ਨੂੰ ਉਹ ਸਾਜਣ ਨਿਵਾਜਣਹਾਰਾ ਸਾਹਿਬੁ ਵੱਡਾ ਜਾ ਉਚਾ ਕਰੇ ਉਹੀ ਉਚਾ ਤੇ ਵੱਡਾ ਹੁੰਦਾ ਹੈ, ਆਪੇ ਕੋਈ ਵੀ ਉਚਾ ਨਹੀ ਅਖਾ ਸਕਦਾ। ਇਕ ਅਕਾਲ ਪੁਰਖ ਸਿਰਜਣਹਾਰ ਨੇ ਹੀ ਸਾਰੇ ਸਰੀਰ ਰੂਪੀ ਭਾਂਡੇ ਸਾਜੇ ਰਚੇ ਹਨ । ਪਰ ਰਚਣਹਾਰ ਸਾਜਣਹਾਰ ਕਰਤਾਰ ਦੀ ਜੋਤਿ ਦੇ ਚਾਨਣੇ ਸਹਾਰੇ ਹੀ ਸਾਰੇ ਜੀਵੰਦੇ ਹਨ। ਉਸਦਾ ਜੋਤਿ ਚਾਨਣਾ ਤਿਹਾ ਲੋਕਾਂ ਵਿਚਿ ਸਾਰੀ ਸਾਜੀ ਹੋਈ ਰਚਨਾ ( ਸ੍ਰਿਸ਼ਟੀ ) ਵਿਚਿ ਹੀ ਚਾਨਣ ਦੇ ਰਿਹਾ ਹੈ। ਇਕ ਅਕਾਲ ਪੁਰਖ ਰੂਪੀ ਚਾਨਣ ਦੇ ਰਿਹਾ ਹੈ। ਇਹ ਜੋਤ-ਮਰਕਜ਼ੀ ਚਾਨਣ ਰੂਪ ਸਚੁ ( ਸੱਚਾ ਵਾਹਿਗੁਰੂ ) ਨਦਰਿ ਕਰਮ ਪ੍ਰਾਪਤ ਹੋਏ ਤੇ ਪਾਇਆ ਜਾ ਸਕਦਾ ਹੈ। ਜਿਨ੍ਹਾਂ ਉਤੇ ਧੁਰੋਂ ਹੀ ਇਸ ਪ੍ਰਾਪਤੀ ਦੀ ਬਖਸ਼ਿਸ਼ ਹੋਈ ਹੈ। ਇਸ ਧੁਰੋਂ ਪ੍ਰਾਪਤ ਹੋਈ ਬਖਸ਼ਿਸ਼ ਨੂੰ ਕੋਈ ਮੇਟਿ ਨਹੀਂ ਸਕਦਾ। ਐਸੇ ਬਖਸ਼ਿਸ਼ ਵਾਲੇ ਗੁਰਮੁਖ ਸਾਧੂ ਜਨ ਨੂੰ ਬਖਸ਼ਿਆ ਹੋਇਆ ਸਾਧੂ ਜਨ ਹੀ ਮਿਲਦਾ ਹੈ। ਏਹਨਾਂ ਗੁਰਮਤਿ ਭਰਪੂਰ ਲੀਣੇ ਭਾਡਿਆਂ ਅੰਦਿਰ ਸਤਿਗੁਰੂ ਦੀ ਸਮੂਹ ਮਿਲ ਕੇ ਹੀ ਗੁਰਬਾਣੀ, ਵਾਹਿਗੁਰੂ ਨਾਮ ਰੂਪੀ ਅਕਥ ਕਥਾ ਦੀ ਅਖੰਡ ਕੀਰਤਨ ਮਈ ਅਖੰਡ ਅਭਿਆਸ ਮਈ ਵੀਚਾਰੁ ਵੀਚਾਰਦਾ ਕਥਾਰਦਾ ਹੈ ਜੋਂ ਓੜਕ ਓਹਨਾਂ ਨੂੰ ਸਤਿਗੁਰੂ ਦੇ ਸਰੂਪ ਵਿਚਿ ਸਮਾਇ ਲੈਂਦਾ ਹੈ। ਇਸ ਅਕਥ ਕਥਾ ਮਈ ਵਾਹਿਗੁਰੂ ਨਾਕ ਦਾ ਨਿਝਰ ਝਰਨੀ ਅੰਮ੍ਰਿਤ ਰਸ ਪੀ ਕੇ ਪੀਵਨਹਾਰਾ ਗੁਰਮੁਖ ਜਨ ਸੰਤੁਸ਼ਟ ਹੋ ਜਾਦਾ ਹੈ(ਸੰਤੋਖਿਆ ਜਾਦਾ ਹੈ) ਅਤੇ ਇਸ ਅੰਮ੍ਰਿਤ ਸੁਧਾ ਰਸੀ ਸੰਤੁਸ਼ਟਤਾ ਨਾਲ ਭਰਿਆ ਭਕੁੰਨਿਆ ਹੋਇਆ ਸੁਰਖ਼ਰੂਈਅਤ ਦੇਂ ਸਿਰੋਪਾਉ ਸਹਿਤ ਗੁਰਮਤਿ ਗੁਣਾ ਦਾ ਸੀਗਾਰਿਆ ਹੋਇਆ ਹਰਿ ਦਰਗਾਹ ਪਹਿਨਿਆ ਪਧਰਿਆ ( ਪੈਧਾ ) ਜਾਂਦਾ ਹੈ । ਦਰਗਹਿ ਪੈਧੇ ਜਾਣ ਤੇ ਪਹਿਲੀ ਆਤਮ ਅਰੂੜ ਅਵਸਥਾ ਵਿਚਿ ਪੁਜੇ ਅਤੇ ਪੁੱਗੇ ਗੁਰਮੁਖ ਨਾਮ ਅਭਿਆਸ- ਕਰਮੀਆ ਨੂੰ ਵਾਹਿਗੁਰੂ ਦਰਬਾਰ ਸਚਖੰਡ ਵਿਚਿ ਵੱਜ ਰਹੀ ਹੈ। ਦਿਨ ਰਾਤਿ ਹੀ ਵਜਦੀ ਸੁਣਦੀ ਹੈ। ਸੁਭਾਵਿਕ ਹੀ ਵਜ ਰਹੀ ਹੁੰਦੀ ਹੈ। ਪਰ ਸ਼ਬਦ ਦੇ ਪਰਤਾਪ ਅਤੁਟ ਅਭਿਆਸ ਕਮਾਈ ਕੀਤੇ ਗੁਰ- ਸ਼ਬਦ ਦੇ ਪਰਤਾਪ ਕਰਕੇ ਸੁਣਦੀ ਹੈ। ਪਰ ਇਹ ਸੋਝੀ ਕਿਸੇ ਵਿਰਲੇ ਗੁਰਮੁਖ ਜਨ ਨੂੰ ਹੀ ਪੈਦੀ ਹੈ ਜਿਸ ਗੁਰ -ਉਪਦੇਸ਼ ਮਈ ਦੀਖਿਆ ਦੁਆਰਾ ਮਨ ਨੂੰ ਸੱਚੀ ਸਮਝਾਇਆ ਹੈ। ਅਤੇ ਗੁਰੁ ਨਾਨਕ ਸਾਹਿਬ ਇਸ ਗੁਰਵਾਕ ਦੀ ਸਮਾਪਤੀ ਵਿਚ ਫਰਮਾਉਦੇ ਹਨ ਕਿ ਐਥੇ ਉਥੇ ਲੋਕ ਪਰਲੋਕ ਵਿਖੇ ਸਚੜਾ ਨਾਮ ਕਦੇ ਨਾ ਵਿਸਰੇ । ਕਿਉਂ ਕਿ ਇਸੇ ਨਾਮ ਰੂਪੀ ਸ਼ਬਦ ਨੂੰ ਕਮਾ ਕੇ ਹੀ ਸੱਚਾ ਨਿਸਤਾਰਾ ਛੁਟਕਾਰਾ ਹੁੰਦਾ ਹੈ ਹੋਰ ਚਾਹੇ ਸਾਰੇ ਕਰਮ-ਕਾਡ ਵੀਚਾਰ ਵਿਸਰ ਜਾਣ ।ਇਸ ਗੁਰਵਾਕ ਦੀ ਸਾਰੀ ਵਿਆਖਿਆ ਦੁਆਰਾ ਸਪਸ਼ਟ ਹੋਇਆ ਕਿ ਗੁਰਮੀਤ ਨਾਮ ਮਈ ਅਭਿਆਸ ਕਰਮ ਸਭ ਕਰਮਾਂ ਤੋਂ ਸ੍ਰੇਸ਼ਟ ਅਤੇ ਅਫ਼ਜ਼ੁਲ ਕਰਮੁ ਹੈ ਜੋ ਨਿਤਾਪ੍ਰਤੀ ਕਮਾਉਣਾ ਸਭ ਦੇ ਲਈ ਯੋਗ ਹੈ। (ਚਲਦਾ)



www.AKJ.Org

# ਗੁਰੂ ਪੰਥ ਤੋਂ ਭੰਟਕੇ ਪਾਂਧੀ

(ਨਿਸ਼ਾਨ ਸਿੰਘ ਗੰਡੀ ਵਿੰਡ)

ਤਿਆਰ-ਬਰ-ਤਿਆਰ ਸਿੰਘਾਂ ਦੇ ਸਮੁੱਚੇ ਸਮੂਹ ਨੂੰ ``ਗੁਰੂ ਪੰਥ`` ਆਖਦੇ ਹਨ। ਇਸ ਦੀ ਤਿਆਰੀ ਗੁਰੂ ਸਾਹਿਬਾਨ ਨੇ ਕੀਤੀ ਅਤੇ ਦਸਮ ਗੁਰੂ ਜੀ ਨੇ ਇਸ ਦਾ ਅੰਤਮ ਸਰੂਪ ਬੰਨ ਕੇ ਗੁਰਿਆਈ ਸੌਂਪੀ।

(ਸਿੱਖ ਰਹਿਤ ਮਰਿਆਦਾ)

ਅੱਜ ਗੁਰੂ ਪੰਥ ਦੇ ਪਾਂਧੀਆ ਦਾ ਜ਼ੁੰਮੇਵਾਰੀ ਹੈ, ਕਿ ਘਰ-ਘਰ ਤੱਕ ਜਾ ਕੇ ਗੁਰਬਾਣੀ/ਗੁਰੂ ਉਪਦੇਸ਼ਾਂ ਨੂੰ ਪਹੁੰਚਾਉਣ ਤੇ ਰਾਜਨੀਤਕ, ਧਾਰਮਿਕ ਅਤੇ ਸਾਮਾਜਿਕ ਖੇਤਰ ਵਿਚ ਦਿਨ-ਬ-ਦਿਨ ਵੱਧ ਰਹੀਆ ਬੁਰਿਆਈਆਂ ਨੂੰ ਰੋਕਣ, ਸੱਚ ਦ੍ਰਿੜ ਕਰਨ ਤੇ ਕਰਵਾਉਣ। ਆਤਮਿਕ ਮੌਤੇ ਮਰ ਚੁੱਕੀ ਲੋਕਾਈ ਨੂੰ ਨਾਮ ਅੰਮ੍ਰਿਤ ਦੀ ਦਾਤ ਦੇਕੇ ਮੁੜ ਸੁਰਜੀਤ ਕਰਨ ਤਾ ਜੋ ਵੱਧ ਰਹੇ ਜ਼ਬਰ ਜ਼ੁਲਮ ਦਾ ਟਾਕਰਾ ਕਰ ਸਕੀਏ।

ਸਿੱਖੀ ਦੇ ਮਾਰਗ ਤੋਂ ਭਟਕ ਚੁੱਕੇ ਨੌਜਵਾਨ ਭੈਣ-ਭਰਾਵਾਂ ਨੂੰ ਜੋ ਪਤਿਤ ਹੋ ਚੁੱਕੇ ਹਨ ਉਨ੍ਹਾਂ ਮਾਈਆਂ-ਭਾਈਆਂ ਨੂੰ ਜੋ ਅੱਜ ਵੀ ਵਹਿਮਾਂ-ਭਰਮਾਂ, ਕਰਮ ਕਾਂਡਾਂ, ਜਾਤ-ਪਾਤ ਦੇ ਵਿਤਕਰਿਆ ਵਿਚ ਬੁਰੀ ਤਰ੍ਹਾਂ ਝੁਲਸਿਆਂ ਨੂੰ ਪਿਆਰ, ਦਲੀਲ ਤੇ ਗੁਰੂ ਉਪਦੇਸ਼ਾ ਤੋਂ ਜਾਣੂ ਕਰਵਾ ਕੇ ਮੁੜ ਉਸ ``ਗਾਡੀ ਰਾਹ`` ਗੁਰਮਿਤ ਮਾਰਗ ਤੇ ਲਿਆਉਣਾ ਹੈ ਤੇ ਗੁਰੂ ਸਿੱਖੀ ਦੇ ਮਾਰਗ ਤੇ ਚੱਲਣਾ ਦੱਸਣਾ ਭਾਵ ਖੁਦ ਪਹਿਲਾਂ ਆਪ ਚੱਲ ਕੇ। ਹੇ ਭਾਈ । ਸੁਣ :

ਜਦੋਂ ਗੁਰੂ ਜੀ ਸਾਬੂ ਦੀ ਤਲਵੰਡੀ ਤੋਂ ਅੱਗੇ ਰਵਾਨਾ ਹੋਣ ਲੱਗੇ ਤਾਂ ਉਹਨ੍ਹਾ ਨੇ ਭਾਈ ਡੱਲੇ ਨੂੰ ਕਿਹਾ, (ਜੋ ਏਥੋਂ ਦਾ ਇਕ ਉਘ੍ਹਾ ਬੰਦਾ ਸੀ। ਉਹ ਇਕ ਕਿਸਮ ਦਾ ਰਾਜਾ ਸੀ ਤੇ ਉਸ ਨੇ ਗੁਰੂ ਜੀ ਦੀ ਕਾਫੀ ਖਾਤਰਦਾਰੀ ਕੀਤੀ ਸੀ)``ਭਾਈ ਡੱਲਿਆ ਅਸੀਂ ਅੱਗੇ ਰਵਾਨਾ ਹੋਣ ਲੱਗੇ ਹਾਂ, ਤੂੰ ਸਾਡੀ ਕਾਫੀ (ਮਾਇਕ) ਮਦਦ ਕੀਤੀ ਹੈ। ਇਸ ਲਈ ਜੋ ਤੂੰ ਸਾਡੇ ਕੋਲੋਂ ਮੰਗਣਾ ਹੈ ਭਾਈ । ਆਪਣੀ ਮਨ-ਮਰਜ਼ੀ ਨਾਲ ਮੰਗ ਲਏ।``ਡੱਲੇ ਨੇ ਦੋਵੇਂ ਹੱਥ ਜੋੜ ਕੇ ਕਿਹਾ,``ਗੁਰਜੂ ਜੀ ਇਨੇ ਹੀ ਤੁਠੇ ਹੋ ਤਾਂ ਇੰਝ ਕਰਨਾ ਜਦੋਂ ਮੈਂ ਪ੍ਰਲੋਕ ਗਮਨ ਕਰਾਂ ਤੁਸੀਂ ਆਪਣੇ ਚਰਨਾਂ ਵਿਚ ਮੈਨੂੰ ਕੀੜੀ ਜਿਨ੍ਹੀ ਥਾਂ ਬਖਸ਼ ਦੇਣੀ ਬੱਸ ਏਹੀ ਬਚਨ ਦਿਓ।`` ਭਾਈ ਤਾਲਿਆ । ``ਤੂੰ ਸਾਡੇ ਪਾਸੋਂ ਸਾਰੀਆਂ ਦੁਨਿਆਵੀ ਨਿਆਸਤਾਂ ਹਾਸਿਲ ਕਰ ਸਕਦਾ ਹੈਂ, ਪਰ ਪ੍ਰਲੋਕ ਵਿਚ ਸਾਡੇ ਕੋਲ ਕੋਈ ਥਾ ਨਹੀਂ ਲੈ ਸਕਦਾ। ਇਹ ਥਾ ਤਾਂ ਕੇਵਲ ਉਸ ਨੂੰ ਮਿਲ ਸਕਦੀ ਹੈ, ਜੋ ਮੈਨੂੰ ਆਪਣਾ ਸਿਰ ਸੌਂਪ ਦੇਵੇ, ਖੰਡੇ ਦੀ ਪਾਹੁਲ ਛਕੇ ਤੇ ਗੁਰੂ ਦਾ ਸਿੰਘ ਸਜੇ।``

ਭਾਈ ਡੱਲਾ ਜੀ ਗੁਰੂ ਜੀ ਦੇ ਚਰਨਾਂ ਤੇ ਝੱਟ-ਪੱਟ ਡਿਗ ਪਿਆ ਤੇ ਕਹਿਣ ਲੱਗਾ,``ਹਜ਼ੂਰ ਮੇਰਾ ਸਿਰ ਹਾਜ਼ਰ ਹੈ,ਮੈਨੂੰ ਚਰਨੀਂ ਲਾਓ ਤੇ ਖੰਡੇ ਦੀ ਪਾਹੁਲ ਛਕਾਓ।``

ਗੁਰੂ ਜੀ ਨੈ ਭਾਈ ਡੱਲੇ ਦੀ ਬੇਨਤੀ ਪ੍ਰਵਾਨ ਕਰਕੇ ਉਸ ਨੂੰ ਅੰਮ੍ਰਿਤ ਦੀ ਦਾਤ ਬਖਸ਼ੀ, ਸਿੰਘ ਸਜਾਇਆ ਤੇ ਡੱਲੇ ਤੋਂ ਭਾਈ ਡੱਲ ਸਿੰਘ ਬਣਾਇਆ।

ਇਸ ਸਾਖੀ ਤੋਂ ਪਤਾ ਲੱਗਦਾ ਹੈ ਕਿ ਅੰਮ੍ਰਿਤ ਛਕਣਾ ਕਿਨ੍ਹਾਂ ਜ਼ਰੂਰੀ ਹੈ।

ਪ੍ਰਥਮ ਰਹਤ ਯਹ ਜਾਨ, ਖੰਡੇ ਕੀ ਪਾਹੁਲ ਛਕੇ।
ਸੋਹੀ ਸਿੰਘ ਪ੍ਰਧਾਨ, ਅਵਰ ਨ ਪਾਹੁਲ ਜੋ ਲਏ॥੬॥

(ਰਹਤਨਾਮਾ ਭਾਈ ਦੇਸਾ ਸਿੰਘ ਜੀ)

ਦਸਮੇਸ਼ ਪਿਤਾ ਜੀ 30 ਮਾਰਚ ਸੰਨ ੧੬੯੯ ਨੂੰ ਵਿਸਾਖੀ ਵਾਲੇ ਦਿਨ ਕੇਸਗੜ੍ਹ ਸਾਹਿਬ (ਅੰਨਦਪੁਰ ਸਾਹਿਬ) ਵਿਖੇ ਅਨੋਖੇ ਤਰੀਕੇ ਨਾਲ ਪੰਜਾਂ ਪਿਆਰਿਆ ਦੀ ਚੋਣ ਕੀਤੀ ਤੇ ਉਨ੍ਹਾ ਨੂੰ ਅੰਮ੍ਰਿਤ ਦਾ ਦਾਤ ਦਿੱਤੀ ਭਾਵ ``ਖੰਡੇ ਬਾਟੇ`` ਦਾ ਅੰਮ੍ਰਿਤ ਛਕਾਇਆ ਤੇ ਬਾਅਦ ਵਿਚ ਸਾਰਿਆਂ ਨੂੰ ਦੱਸਿਆ ਕਿ ਪੰਜ ਪਿਆਰੇ ਸਿੰਘ ਸਜਾ ਗਏ ਹਨ। ਇਹ ਗੁਰੂ ਤੇ ਵਾਹਿਗੁਰੂ ਦੇ ਸ਼ੇਰ ਹਨ.......ਜਨਮ ਤੋਂ ਜਿਹੜੀਆਂ ਇਨ੍ਹਾਂ ਦੀਆਂ ਜਾਤਾਂ ਸਨ, ਉਹ ਸਭ ਮਿਟ ਗਈਆ ਹਨ।........ਹੁਣ ਇਹ ਮੇਰੇ ਪੁੱਤਰ ਹਨ ਤੇ ਇਨ੍ਹਾ ਦੀ ਜਾਤ ਖਾਲਸਾ ਹੈ।



www.AKJ.Org

ਗੁਰੂ ਜੀ ਨੇ ਸੱਜ ਚੁੱਕੇ ਸਿੰਘਾ/ਪੰਜਾਂ ਪਿਆਰਿਆ ਨੂੰ ਦੋਵੇਂ ਹੱਥ ਜੋੜ ਕੇ ਨਿਮਰਤਾ ਸਾਹਿਤ ਬੇਨਤੀ, ``ਕਿ ਖਾਲਸਾ ਜੀ ਮੈਨੂੰ ਵੀ ਅੰਮ੍ਰਿਤ ਦੀ ਦਾਤ ਬਖਸ਼ੋ ਤਾ ਜੋ ਮੈਂ ਵੀ ਗੋਬਿੰਦ ਰਾਇ ਤੋਂ ਗੋਬਿੰਦ ਸਿੰਘ ਬਣ ਸਕਾਂ। ਇਸ ਤਰਾਂ ਗੁਰੂ ਜੀ ਨੇ ਅੰਮ੍ਰਿਤ ਦੀ ਦਾਤ ਪ੍ਰਾਪਤ ਕਰ ਕੇ ``ਆਪੇ ਗੁਰ ਚੇਲਾ``ਬਣੇ।``

ਯਾਦ ਰਹੇ ਕਿ ਪੰਜ ਪਿਆਰੇ ਅੰਮ੍ਰਿਤਪਾਨ ਕਰਨ ਤੋਂ ਪਹਿਲਾਂ ਵੱਖ-ਵੱਖ ਜਾਤਾ ਦੇ ਸਨ।

ਅਫਸੋਸ ਕਿ ਅੱਜ ਕਈ ਡੇਰੇਦਾਰ ਪਾਖੰਡੀ ਸਾਧ ਜੋ ਆਪਣੀਆਂ ਵੱਖ-ਵੱਖ ਸੰਪਰਦਾਵਾਂ ਬਣਾਈ ਬੈਠੇ ਹਨ। ਉਹਨਾ ਨੇ ਵੀ ਅੰਮ੍ਰਿਤ ਛਕਾਉਣਾ ਸ਼ੁਰੂ ਕੀਤਾ ਹੈ। ਬੇਸ਼ੱਕ ਭਾਵੇਂ ਆਪ ਉਹਨਾਂ ਆਪਣੇ ਛਕਿਆ ਜਾਂ ਨਹੀ।

ਉਹਨਾਂ ਦੇ ਰਚੇ ਢੋਂਗ ਦਾ ਪਾਜ ਉਦੋਂ ਉਘੜਦਾ ਹੈ, ਜਦੋਂ ਅੰਮ੍ਰਿਤ ਤਿਆਰ ਕਰਨ ਤੋਂ ਬਾਅਦ ਅਵਾਜ਼ ਲਗਾਉਂਦੇ ਹਨ, ``ਭਾਈ ਅੰਮ੍ਰਿਤ ਛਕਣ ਵਾਲਿਆ ਵਿੱਚ ਕੋਈ ਚੌਥੇ ਪੌੜੇ ਵਾਲਾ ਹੈ ? ਓ ਭਾਈ ਕੋਈ ਮਜ਼ਬੀ ਸਿੰਘ ਦੇ ਹੈ ਤੇ ਉਹ ਦੂਸਰੀ ਸੰਗਤ ਨਾਲੋਂ ਵੱਖ ਹੋ ਜਾਵੇ।``

ਬਾਅਦ ਵਿੱਚ ਅਖੌਤੀ ਮਜ਼ਬੀ ਸਿੱਖ ਜਾਤ ਨਾਲ ਸੰਬੰਧ ਰੱਖਣ ਵਾਲਿਆ ਨੂੰ ਵੱਖਰਾ ਅੰਮ੍ਰਿਤ ਛਕਾਇਆ ਜਾਂਦਾ ਹੈ। ਕਿਤੇ ਮਾਈਆਂ ਨੂੰ ਭਾਈਆ ਨਾਲੋਂ ਵੱਖਰਾ ਕਰਕੇ ਅੰਮ੍ਰਿਤ ਛਕਾਇਆ ਜਾਂਦਾ ਹੈ। ਇਹ ਸਭ ਕੁਝ ਨਿੱਤ ਪੜ੍ਹਨ ਸੁਣਨ ਨੂੰ ਮਿਲਦਾ ਹੈ। ਪਰ ਸਮਝ ਨਹੀ ਆਉਂਦੀ ਗੁਰੂ ਪੰਥ ਜਾਣਦਿਆਂ ਬੁਝਦਿਆਂ ਹੋਇਆਂ ਵੀ ਇਹਨਾਂ ਨੂੰ ਐਸੀ ਭੈੜੀ ਕੁਰੀਤੀ ਕਰਨ ਤੋਂ ਕਿਉਂ ਨਹੀਂ ਰੋਕਦਾ ? ਕਿਉਂ ਨਹੀਂ ਪੁੱਛਦਾ,? ``ਕੀ ਤੁਸੀ ਗੁਰੂ ਸਾਹਿਬਾਨ ਨਾਲੋਂ ਵੱਧ ਸਿਆਣੇ ? ਕੀ ਗੁਰੂ ਜੀ ਨੇ ਪੰਜਾਂ ਪਿਆਰਿਆ ਨੂੰ ਇਕੋ ਬਾਟੇ ਵਿੱਚ ਅੰਮ੍ਰਿਤ ਛਕਾ ਕੇ ਤੇ ਖੁਦ ਆਪ ਛਕ ਕੇ ਗਲਤੀ ਕੀਤੀ ਸੀ ?``

ਜਿਨੀ ਦੇਰ ਤੱਕ ਇਹਨਾ ਗਿਆਨ ਤੋਂ ਅੰਨ੍ਹਿਆਂ ਨੂੰ ਰਾਹੇ ਨਹੀਂ ਪਾਵਾਂਗੇ ਉਨ੍ਹੀ ਦੇਰ ਤੱਕ ਇਹ ਆਪ ਵੀ ਅਗਿਆਨਤਾ ਦੇ ਟੋਏ-ਟਿੱਬਿਆਂ ਵਿੱਚ ਡਿੱਗਣਗੇ ਅਤੇ ਇਹਨਾ ਦੇ ਮਗਰ ਚੱਲਣ ਵਾਲੇ ਵੀ ਅਜਿਹੀ ਦਲਦਲ ਭਰੀ ਸੋਚ ਵਿੱਚ ਖੁਭੇ ਰਹਿਣਗੇ। ਗੁਰਬਾਣੀ ਜਾਤ-ਪਾਤ ਦੇ ਸੰਕਲਪ ਨੂੰ ਸਵੀਕਾਰ ਨਹੀਂ ਕਰਦੀ

ਗੁਰੂ ਨਾਨਕ ਦੇਵ ਜੀ ਦੱਸਦੇ ਹਨ ਕਿ ਹੇ ਭਾਈ,

ਜਾਤਿ ਜਨਮੁ ਨਹ ਪੂਛੀਐ ਸਚ ਘਰੁ ਲੇਹੁ ਬਤਾਇ ॥
ਸਾ ਜਾਤਿ ਸਾ ਪਤਿ ਹੈ ਜੇਹੇ ਕਰਮ ਕਮਾਇ ॥ (ਪੰਨਾ ੧੩੩੦)
ਜਿਥੈ ਲੇਖਾ ਮੰਗੀਐ ਤਿਥੈ ਦੇਹ ਜਾਤਿ ਨ ਜਾਇ ॥ (ਪੰਨਾ ੧੩੪੬)
ਸਾਚਿ ਰਤੇ ਸੇ ਉਬਰੇ ਦੁਖੀਏ ਦੂਜੈ ਭਾਇ ॥

ਪਤਾ ਨਹੀਂ ਕਿ ਸਾਡੇ ਅਖੌਤੀ ਪੰਥਕ ਆਗੂ ਇਸ ਪਾਸੇ ਧਿਆਨ ਕਿਉਂ ਨਹੀਂ ਦੇਦੇਂ? ਉਹ ਵਿਚਾਰੇ ਕਰਨ ਵੀ ਕੀ ਕਿਉਂਕਿ ਉਹਨਾਂ ਨੂੰ ਰਾਜਨੀਤਿਕ ਮਸਲਿਆ ਤੇ ਚੋਣਾਂ ਲੜਨ ਤੋਂ ਹੀ ਵਿਹਲ ਨਹੀਂ ਮਿਲਦਾ। ਦੂਸਰਾ ਇਹ ਵੀ ਕਾਰਨ ਹੋ ਸਕਦਾ ਹੈ ਕਿ ਉਹਨਾਂ ਨੇ ਇਲੈਕਸ਼ਿਨਾਂ (ਚੋਣਾਂ) ਲੜਨ ਸਮੇਂ ਐਸੇ ਡੇਰੇਦਾਰਾਂ ਦਾ ਹੀ ਤਾਂ ਸਹਿਯੋਗ ਲੈਣਾ ਹੁੰਦਾ ਹੈ ਭਾਵ ਮਾਇਕ ਸਹਾਇਤਾ ਤੇ ਭੇਖੀ ਸਾਧਾਂ ਦੇ ਚੇਲੇ ਚਾਟੜਿਆਂ ਦੀਆ ਵੋਟਾਂ। ਅਖੌਤੀ ਪੰਥਕ ਆਗੂ ਫੋਕੀਆਂ ਸ਼ੋਹਰਤਾਂ ਮਾਣ-ਵਡਿਆਈਆਂ ਪ੍ਰਾਪਤ ਕਰਨ ਤੇ ਆਪਣੇ ਅਹੁਦਿਆਂ ਨੂੰ ਬਚਾਈ ਰੱਖਣ ਵਿੱਚ ਲੱਗੇ ਰਹਿੰਦੇ ਹਨ ਕਿ ਇਹਨਾਂ ਨੇ ਕਦੇ ਗੁਰੂ ਜੀ ਦੇ ਪਵਿੱਤਰ ਉਪਦੇਸ਼ ਪੜ੍ਹੇ-ਸੁਣੇ ਨਹੀਂ ਹਨ?

``ਦੁਨੀਆ ਕੀਆ ਵਡਿਆਈਆ, ਕਵਨੈ ਆਵਹਿ ਕਾਮਿ ॥
ਮਾਇਆ ਕਾ ਰੰਗੁ ਸਭ ਫਿਕਾ ਜਾਤੋ ਬਿਨਸਿ ਨਿਦਾਨਿ ॥

ਗੁਰੂ ਅੰਗਦ ਦੇਵ ਜੀ ਜੋਰ ਦੇ ਕੇ ਕਹਿੰਦੇ ਹਨ ਕਿ,

ਨਾਨਕ ਦੁਨੀਆ ਕੀਆ ਵਡਿਆਈਆ, ਇਕ ਨ ਚਲੀਆ ਨਾਲਿ ॥
ਜਿਸੁ ਅੰਦਰਿ ਤਾਤਿ ਪਰਾਈ ਹੋਵੈ, ਤਿਸ ਦਾ ਕਦੇ ਨ ਹੋਵੀ ਭਲਾ ॥(ਪੰਨਾ ੪੭੯)

ਅਸੀ ਗੁਰੂ ਜੀ ਦੇ ਇਹਨਾਂ ਉਪਦੇਸ਼ਾਂ ਨੂੰ ਭੁਲਾ ਕੇ ਆਪਸ ਵਿੱਚ ਲੜਦੇ-ਝਗੜਦੇ ਰਹਿੰਦੇ ਹਾਂ ਸਾਡੇ ਕੋਲੋ ਇਕ ਦੂਸਰੇ ਦੀ ਸ਼ੋਭਾ ਨਹੀਂ ਸਹਾਰੀ ਜਾਂਦੀ। ਜੇਕਰ ਸਾਨੂੰ ਗੁਰੂ ਘਰੋਂ ਧੰਨ ਦੌਲਤ ਮਾਣ-ਵਡਿਆਈਆ ਮਿਲਦੀਆਂ ਹਨ ਤਾਂ ਸਾਨੂੰ



www.AKJ.Org

ਹੋਇ ਇਕਤ੍ਰ ਮਿਲਹੁ, ਮੇਰੇ ਭਾਈ। ਦੁਬਿਧਾ ਦੂਰਿ ਕਰਹੁ ਲਿਵ ਲਾਇ ॥ (ਪੰਨਾ ੬੮੭)
ਦੇ ਮਹਾਂਵਾਕ ਨੂੰ ਆਪਣੇ ਅੰਦਰ ਦ੍ਰਿੜ ਕਰਕੇ ਪ੍ਰਾਪਤ ਕਰਨੀਆ ਚਾਹੀਦੀਆਂ ਹਨ। ਈਰਖਾ ਦਵੈਸ਼ ਵਿੱਚ ਫਸਿਆਂ ਨੂੰ ਸਾਨੂੰ ਇਹ ਸਾਖੀ ਵੱਲ ਧਿਆਨ ਮਾਰ ਲੈਣਾ ਚਾਹੀਦਾ ਹੈ। ਕਿ ਸਾਡੀ ਹਾਲਤ ਵੀ ਇਸ ਤਰ੍ਹਾਂ ਦੀ ਨਾਂ ਹੋਵੇ। ਇਤਿਹਾਸ ਵਿੱਚ ਜਿਕਰ ਆਉਂਦਾ ਹੈ ਕਿ

ਇਕ ਦਿਨ ਚੋਜ। ਪਾਤਸ਼ਾਹ ਨੇ ਮੌਜ ਵਿੱਚ ਆ ਕੇ ਹੁਕਮ ਦਿੱਤਾ, ਅੱਜ ਲੰਗਰ ਵਿੱਚ ਚੋਖਾ ਸਾਰਾ ਚਾਵਲਾਂ ਦਾ ਮਿੱਠਾ ਪੁਲਾਅ ਬਣਾਉ, ਉਸ ਵਿੱਚ ਰੱਜਵਾਂ ਘਿਉ ਅਤੇ, ਬਦਾਮ, ਮੇਵੇ ਤੇ ਸੌਗੀ ਆਦਿ ਪਾ ਕੇ ਪੁਲਾਅ ਨੂੰ ਚੰਗਾ ਸੁਆਦਲਾ ਬਣਾ ਦਿਉ। ਹੁਕਮ ਦੀ ਤੁਰੰਤ ਤਾਮੀਲ ਕੀਤੀ ਗਈ। ਪੁਲਾਅ ਤਿਆਰ ਹੋ ਗਿਆ ਤੇ ਤਿਆਰੀ ਦੀ ਖਬਰ ਸਤਿਗੁਰ ਨੂੰ ਦਿੱਤੀ। ਹਜ਼ੂਰ ਨੇ ਫੁਰਮਾਇਆ,'ਚੰਗਾ ਫੇਰ ਪੁਲਾਅ ਦੇ ਕੜਾਹੇ ਬਾਹਰ ਮੈਦਾਨ ਵਿੱਚ ਲੈ ਆਉ।' ਸਤਿਬਚਨ ਕਹਿ ਕੇ ਸਿੰਘ ਪੁਲਾਅ ਦੇ ਕੜਾਹੇ ਬਾਹਰ ਮੈਦਾਨ ਵਿੱਚ ਲੈ ਆਏ। ਸਾਹਿਬਾਂ ਨੇ ਆਖਿਆ,'ਕੜਾਹੇ ਥੜੇ ਤੇ ਲੱਦ ਦਿਓ।' ਹੁਕਮ ਦੀ ਪਾਲਣਾ ਕੀਤੀ ਗਈ ਤੇ ਅਗਲੇ ਹੁਕਮ ਦੀ ਸਿੱਖ ਇੰਤਜ਼ਾਰ ਕਰਨ ਲੱਗੇ ਹੁਕਮ,"ਇਸ ਪੁਲਾਅ ਨੂੰ ਖਾ ਮੁਕਾਣ ਵਾਸਤੇ ਕੁੱਤੇ ਛੱਡ ਦਿਉ।" ਹੁਕਮ ਅੱਗੇ ਸਿਰ ਝੁਕਾਂਦੇ ਹੋਏ ਗੁਰਸਿੱਖਾਂ ਨੇ ਕੁੱਤੇ ਵੀ ਛੱਡ ਦਿੱਤੇ।

ਕੁੱਤੇ ਪੁਲਾਅ ਤੇ ਟੁੱਟ ਕੇ ਪੈ ਗਏ, ਪਰ ਜੋ ਕੁੱਤਾ ਪੁਲਾਅ ਤੱਕ ਪੁੱਜਾ ਉਸ ਨੇ ਦੂਜੇ ਕੁੱਤੇ ਨੂੰ ਨੇੜੇ ਨਾ ਢੁੱਕਣ ਦਿੱਤਾ। ਕੁੱਤੇ ਆਪਸ ਵਿੱਚ ਲੜ-ਲੜ ਜ਼ਖਮੀ ਹੋ ਗਏ। ਨਾ ਕਿਸੇ ਨੇ ਪੁਲਾਅ ਆਪ ਖਾਧਾ ਨਾ ਦੂਸਰੇ ਨੂੰ ਖਾਣ ਦਿੱਤਾ। ਸਾਰੇ ਦਾ ਸਾਰਾ ਪੁਲਾਅ ਕੁੱਤਿਆਂ ਦੇ ਪੈਰਾਂ ਹੇਠ ਆ ਕੇ ਮਿਧਿਆ ਗਿਆ, ਮਿੱਟੀ ਵਿੱਚ ਮਿੱਟੀ ਹੋ ਗਿਆ ਤੇ ਅਜਿਹਾ ਬਰਬਾਦ ਹੋਇਆ ਕਿ ਕਿਸੇ ਕੰਮ ਦਾ ਨਾ ਰਹਿਆ।

ਹੁਣ ਗੁਰੂ ਜੀ ਨੇ ਸਿੱਖਾਂ ਨੂੰ ਮੁਖਾਤਿਬ ਕਰਕੇ ਆਖਿਆ, ਗੁਰਸਿੱਖੋਂ, ਵੇਖਿਆ ਜੇ, ਇਹ ਪੁਲਾਅ ਤੁਸਾਂ ਕਿੰਨਾ ਸੁਆਦਲਾ ਬਣਾਇਆ ਸੀ, ਪਰ ਈਰਖਾਲੂ ਤੇ ਝਗੜਾਲੂ ਨੇ ਨਾ ਤਾਂ ਆਪ ਖਾਧਾ ਤੇ ਨਾ ਹੀ ਕਿਸੇ ਹੋਰ ਦੇ ਖਾਣ ਜੋਗਾ ਹੀ ਛੱਡਿਆ ਹੈ। ਈਰਖਾ ਤੇ ਦਵੈਸ਼ ਇਸੇ ਤਰ੍ਹਾਂ ਦਾ ਵਿਗਾੜ ਪੈਦਾ ਕਰਦੀ ਹੈ।

ਇਸ ਸਾਖੀ ਤੋਂ ਸਾਨੂੰ ਸਿੱਖਿਆ ਮਿਲਦੀ ਹੈ, ਕਿ ਅਸੀਂ ਸਾਰਿਆਂ ਨੇ ਮਿਲ ਕਰ ਕੇ ਗੁਰੂ ਦੀਆਂ ਬਖਸ਼ਸ਼ਾਂ ਦਾ ਅਨੰਦ ਲੈਣਾ ਹੈ। ਔਰ ਕਿਰਤ ਕਰੋ, ਨਾਮ ਜਪੋ ਤੇ ਵੰਡ ਛਕੋ, ਦੇ ਸਿਧਾਂਤ ਨੂੰ ਮੁੱਖ ਰੱਖ ਕੇ ਦਸਾਂ ਨਹੁੰਆਂ ਦੀ ਕਿਰਤ ਕਮਾਈ ਕਰਨੀ ਹੈ ਤੇ ਗੁਰੂ ਘਰ ਲਈ ਦਸਵੰਧ ਕੱਢਣਾ ਹੈ।

ਵੈਸੈ ਸਾਡਾ ਧਿਆਨ ਗੁਰੂ ਜੀ ਦੇ ਉਪਦੇਸ਼ਾਂ ਵੱਲ ਤੇ ਗੁਰੂ ਘਰ ਦੇ ਕਾਰਜਾਂ ਵੱਲ ਘੱਟ ਜਾਂਦਾ ਹੈ। ਕਈ ਵਾਰ ਅਸੀਂ ਗੁਰੂ ਘਰ ਲਈ ਦਸਵੰਧ ਕੱਢਣ ਦੀ ਬਜਾਇ ਗੁਰੂ ਕੀ ਗੋਲਕ ਦੇ ਪੈਸੇ ਛਲ- ਕਪਟਾਂ ਨਾਲ ਨਿੱਜੀ ਸੁਆਰਥਾਂ ਲਈ ਵਰਤਨ ਲੱਗ ਪੈਂਦੇ ਹਾਂ। ਜੋ ਕਿ ਠੀਕ ਨਹੀਂ। ਸਾਨੂੰ ਚਾਹੀਦਾ ਹੈ, ਕਿ ਅਸੀਂ ਗੁਰਮਤਿ ਮਾਰਗ ਤੋਂ ਭਟਕ ਚੁਕੇ ਮਨੁੱਖ ਨੂੰ ਦੱਸਣਾ ਹੈ ਭਾਵ ਸਮਝਾਉਣਾ ਹੈ ਕਿ

ਮਾਹਿਮਾ ਨ ਜਾਨਹਿ ਬੇਦ॥ ਬ੍ਰਹਮੇ ਨਹੀਂ ਜਾਨਹਿ ਭੇਦ॥
ਸੰਕਰਾ ਨਹੀਂ ਜਾਨਹਿ ਭੇਵ॥ ਖੋਜਤ ਹਾਰੇ ਦੇਵ॥
ਦੇਵੀਆ ਨਹੀਂ ਜਾਨੈਹਿ ਸਰਸ॥ ਸਭ ਊਪਰ ਅਲਖ ਪਾਰਬ੍ਰਹਮ॥

(ਰਾਮਕਲੀ ਮਹਲਾ ੫ ਪੰਨਾ ੮੯੪)

ਤੇ ਇਸ ਲਈ ਭਾਈ ਤੂੰ ਇਨ੍ਹਾ ਦੇਵੀ ਦੇਵਤਿਆਂ ਦੀ ਪੂਜਾ ਛੱਡ, ਕਰਮ ਕਾਂਡ ਛੱਡ ਤੇ ਕੇਵਲ ਇਕ ਅਕਾਲ ਪੁਰਖ ਦਾ ਉਪਾਸਨ ਬਣ ਇਹ ਤੈਨੂੰ ਗੁਰੂ ਸਾਹਿਬਾਨਾਂ ਮੱਤ ਦਿੱਤੀ ਹੈ। ਉਸ ਅਕਾਲ ਪੁਰਖ ਦੀ "ਬ੍ਰਹਮਾ ਬਿਸਨ ਰੁਦ੍ਰ ਤਿਸੀ ਕੀ ਸੇਵਾ" ਕਰਦੇ ਹਨ।

ਤੀਰਥ ਨਾਮ ਦਇਆ ਦਮ ਦਾਨ ਸੁ ਸੰਜਮ ਨੇਮ ਅਨੇਕ ਬਿਸੇਖੈ ॥
ਬੇਦ ਪੁਰਾਨ ਕਤੇਬ ਕੁਰਾਨ ਜਮੀਨ ਜਮਾਨ ਸਬਾਨ ਕੇ ਪੇਖੈ॥
ਪਉਨ ਅਹਾਰ ਜਤੀ ਜਤ ਧਾਰ ਸਬੈ ਸੁ ਬਿਚਾਰ ਹਜਾਰ ਕ ਦੇਖੈ॥
ਸ੍ਰੀ ਭਗਵਾਨ ਭਜੇ ਬਿਨੁ ਭੂਪਤਿ ਏਕ ਰਤੀ ਬਿਨੁ ਏਕ ਨ ਲੇਖੈ॥੪॥(ਪਾ: ੧੦)



www.AKJ.Org

ਗੁਰੂ ਕਾ ਸਿੱਖ- ਗਟ, ਬੁਤ, ਤੀਰਥ, ਦੇਵੀ, ਦੇਵਤਾ, ਬਰਤ ਪੂਜਾ, ਅਰਚਾ, ਮੰਤ੍ਰ, ਜੰਤ੍ਰ, ਪੀਰ, ਬ੍ਰਹਮਣ, ਪੁਛਣਾ, ਸੁਖਣਾ, ਤਰਪਨ, ਗਾਧਤ੍ਰੀ, ਕਿਸੇ ਵੱਲ ਚਿੱਤ ਦੇਵੈ ਨਾਹੀਂ। (ਰਹਿਤਨਾਮਾ ਭਾਈ ਦਇਆ ਸਿੰਘ ਜੀ)

ਅਗਰ ਅਸੀਂ ਇਹ ਸਭ ਕੁਝ ਜਾਣਦਿਆ ਹੋਇਆ ਵੀ ਅਜਿਹੇ ਕਰਮ ਕਾਡਾ, ਵਹਿਮਾ-ਭਰਮਾਂ ਤੇ ਉਚੀ-ਨੀਚੀ ਜਾਤ ਪਾਤ ਵਿੱਚ ਵਿਸ਼ਵਾਸ਼ ਰੱਖਦੇ ਹਾਂ ਤੇ ਯਾਦ ਰਹੇ ਅਸੀਂ ਅਗਿਆਨਤਾ ਦੇ ਡੂਘੇ ਸਮੁੰਦਰ ਵਿੱਚ ਗੋਤੇ ਖਾਂਦੇ ਮਾਨਸ ਜਨਮ ਦਾ ਸਹੀਂ ਲਾਹਾ ਨਾ ਲੈਂਦੇ ਹੋਏ ਇਸ ਸੰਸਾਰ ਤੋਂ ਕੂਚ ਕਰ ਜਾਵਾਂਗੇ। ਇਸ ਵਿੱਚ ਗੁਰੂ ਜੀ ਦਾ ਕੋਈ ਕਸੂਰ ਨਹੀਂ ਹੋਵੇਗਾ।

ਕਬੀਰ ਮਨੁ ਜਾਨੈ ਸਭ ਬਾਤ, ਜਾਨਤ ਹੀ ਅਉਗਨੁ ਕਰੈ ॥
ਕਾਹੇ ਕੀ ਕੁਸਲਾਤ ਹਾਥ ਦੀਪ ਕੂਏ ਪਰੇ ॥੨੧੬॥ (ਸਲੋਕ ਭਗਤ ਕਬੀਰ ਜੀ)

ਇਸ ਤਰ੍ਹਾਂ ਦੀ ਹਾਲਤ ਵਿੱਚ ਇੱਕ ਤਾ ਅਸੀਂ ਆਪਣਾ ਨੁਕਸਾਨ ਕਰਾਂਗੇ ਤੇ ਦੂਸਰਾ ਲੋਕਾਂ ਦਾ ਮਖੌਲ ਬਣਾਂਗੇ। ਸਾਨੂੰ ਸੱਚਮੁੱਚ ਦੇ ਗੁਰਸਿੱਖ ਬਣਨਾ ਚਾਹੀਦਾ ਹੈ ਤਾਂ ਜੋ ਅਸੀਂ ਵੀ ਗੁਰੂ ਪੰਥ ਦੇ ਮੈਂਬਰ ਬਣ ਸਕੀਏ। ਗੁਰੂ ਸਾਹਿਬਾਨ ਦੀ ਦਿੱਤੀ ਬਾਣੀ ਤੇ ਬਾਣੇ ਨੂੰ ਧਾਰਨ ਕਰਕੇ ਗੁਰਸਿੱਖ ਨਿਆਰਾ ਹੋ ਜਾਂਦਾ ਹੈ। ਜੇਕਰ ਕੋਈ ਮਨੁੱਖ ਬਾਣੀ ਤੇ ਬਾਣੇ ਨੂੰ ਧਾਰਨ ਕਰਕੇ ਫੇਰ ਵੀ ਨਸ਼ਿਆਂ ਨਾਲ ਗਹੋ ਰੱਖਦਾ ਹੈ ਕਬਰਾ, ਭੇਖੀਆਂ ਨੂੰ ਪੂਜਦਾ, ਕਰਮ-ਕਾਂਡ, ਜਾਤ-ਪਾਤ ਦੀ ਦਲਦਲ ਵਿੱਚ ਫਸੰਦਾ, ਹੋਰਨਾ ਧਰਮ ਗ੍ਰੰਥ /ਪੋਥੀਆ ਵਿੱਚ ਵਿਸ਼ਵਾਸ਼ ਰੱਖਦਾ, ਹੋਮਜਗ ਕਰਦਾ ਅਤੇ ਪੱਥਰ ਦੀਆਂ ਬਣੀਆਂ ਮੂਰਤੀਆ ਅੱਗੇ ਅਰਦਾਸ ਕਰਦਾ ਹੈ ਤਾਂ ਉਸ ਵੱਲ ਵੇਖ ਪਤਾ ਲਗਦਾ ਹੈ ਕਿ ਗੁਰੂ ਜੀ ਨੇ ਤਾ ਇਸ ਨੂੰ ਬਾਣੀ ਤੇ ਬਾਣਾ/ ਨਾਮ-ਅੰਮ੍ਰਿਤ ਦੇ ਕੇ ਨਿਆਰਾ (ਬੱਬਰ ਸ਼ੇਰ) ਬਣਾਇਆ ਸੀ ਪਰ ਇਹ ਉਹੋ ਜਿਹੇ ਦਾ ਉਹੋ ਜਿਹਾ ਹੀ ਰਹਿ ਗਿਆ ਜਿਵੇਂ ਇਤਿਹਾਸ ਵਿੱਚ ਮਿਲਦਾ ਹੈ :-

ਦਸਮੇਸ਼ ਪਿਤਾ ਗੁਰੂ ਗੋਬਿੰਦ ਸਿੰਘ ਜੀ ਨੇ ਇੱਕ ਦਿਨ ਇੱਕ ਖੋਤੇ ਉਪਰ ਸ਼ੇਰ ਦੀ ਖੱਲ ਇਸ ਤਰ੍ਹਾਂ ਜੜਵਾ ਦਿੱਤੀ ਕਿ ਖੋਤਾ ਸੱਚਮੁੱਚ ਹੀ ਸ਼ੇਰ ਜਾਪਣ ਲੱਗਾ। ਉਸਨੂੰ ਲਿਆ ਕੇ ਅਨੰਦਪੁਰ ਦੀ ਵਾਦੀ ਵਿੱਚ ਛੱਡ ਦਿੱਤਾ। ਲੋਕਾ ਨੇ ਜਦੋਂ ਆਪ੍ਣੀ ਜੂਹ ਵਿੱਚ ਭੌਂਦਿਆਂ-ਫਿਰਦਿਆ ਦੇਖਿਆ ਤੇ ਸਾਰੇ ਭੈ ਭੀਤ ਹੋ ਕੇ ਗੁਰੂ ਜੀ ਪਾਸ ਆਕੇ ਪੁਕਾਰ ਕੀਤੀ,'' ਸੱਚੇ ਪਾਤਸ਼ਾਹ, ਅਨੰਦਪੁਰ ਦੀ ਜੂਹ ਵਿੱਚ ਇੱਕ ਸ਼ੇਰ ਆ ਵੜਿਆ ਹੈ ਜੋ ਸਾਨੂੰ ਤੇ ਸਾਡੇ ਮਾਲ ਡੰਗਰ ਨੂੰ ਮਾਰ ਖਾਹ ਜਾਵੇਗਾ। ਸਤਿਗੁਰੂ ਜਾਂ ਉਸਨੂੰ ਮਾਰ ਦੇਵੋ ਜਾਂ ਫਿਰ ਅਨੰਦਪੁਰ ਦੀ ਜੂਹ ਵਿੱਚੋਂ ਬਾਹਰ ਕੱਢ ਦੇਵੋ।''

ਸਤਿਗੁਰੂ ਜੀ ਨੇ ਉਹਨਾਂ ਨੂੰ ਦਿਲਾਸਾ ਦਿੱਤਾ ਤੇ ਉਹਨਾ ਦੇ ਨਾਲ ਕੁੱਝ ਸਨਦਬਧ ਸਿੰਘਾ ਨੂੰ ਲੈ ਕੇ ਤੁਰ ਪਏ। ਰਾਹ ਵਿੱਚ ਕੁਝ ਖੋਤੇ ਚਰ ਰਹੇ ਸਨ। ਗੁਰੂ ਜੀ ਦੀ ਆਗਿਆ ਮੰਨ ਕੇ ਸਿੰਘਾ ਨੇ ਓਹ ਖੋਤੇ ਵੀ ਅੱਗੇ ਲਾ ਲਏ। ਜਦੋਂ ਉਸ ਥਾਂ ਤੇ ਪਹੁੰਚੇ ਜਿਥੇ ਬਨਾਉਟੀ ਸ਼ੇਰ ਚਰ ਰਿਹਾ ਸੀ। ਜਦੋਂ ਉਸ ਬਨਾਉਟੀ ਸ਼ੇਰ ਨੇ ਖੋਤਿਆਂ ਨੂੰ ਵੇਖਿਆ ਤਾ ਅਚਾਨਕ ਹੀ ਹੀਂਗਣ ਲੱਗ ਪਿਆ। ਸਾਰੇ ਦਰਸ਼ਕ ਤੇ ਸਿੰਘ ਖਿੜ-ਖਿੜਾਕੇ ਹੱਸਣ ਲੱਗ ਪਏ।

ਗੁਰੂ ਜੀ ਨੇ ਕਿਹਾ,"ਵੇਖਿਆ ਜੇ ਸਿੰਘੋ, ਜਿਵੇਂ ਸ਼ੇਰ ਦੀ ਖੱਲ ਪਾਕੇ ਕੋਈ ਖੋਤਾ ਕੋਈ ਸ਼ੇਰ ਨਹੀਂ ਹੋ ਸਕਦਾ ਖੋਤੇ ਦਾ ਖੋਤਾ ਹੀ ਰਹਿੰਦਾ ਹੈ ਤਿਵੇਂ ਹੀ ਆਦਮੀ ਪੰਜ ਕਕਾਰ ਪਹਿਨ ਕੇ/ਬਾਹਰਲੀ ਰਹਿਤ ਰੱਖਣ ਨਾਲ ਹੀ ਖਾਲਸਾ ਨਹੀਂ ਬਣ ਸਕਦਾ ਕਿਵੇਂ ਸ਼ੇਰ ਦਾ ਅੰਦਰੋਂ ਸ਼ੇਰ ਹੋਣਾ ਜਰੂਰੀ ਹੈ ਤਿਵੇਂ ਹੀ ਖਾਲਸੇ ਨੂੰ ਅੰਦਰਲੀ ਤੇ ਬਾਹਰਲੀ/ਬਾਣੀ ਤੇ ਬਾਣੇ ਦੀ ਰਹਿਤ ਤੇ ਰਹਿਣਾ ਜਰੂਰੀ ਹੈ।''

ਰਹਤ ਬਿਨਾ ਸਦ ਗਤ ਨਹੀਂ ਹੋਈ॥ ਰਹਤ ਬਿਨਾ ਭਲ ਕਹੈ ਨਾ ਕੋਈ॥
ਰਹਤ ਬਿਨਾ ਨਾ ਸਿੰਘ ਕਹਾਵੈ॥ ਰਹਤ ਬਿਨਾ ਦਰ ਚੋਟਾਂ ਖਾਵੈ॥
ਰਹਤ ਬਿਨਾ ਜਗ ਮੋਹ ਡ਼ਰਮਾਈ॥ ਰਹਤ ਬਿਨਾ ਨਰ ਨਰਕੇ ਜਾਈ॥
ਰਹਤ ਬਿਨਾ ਸੁਖ ਕਬਹੂ ਨਾ ਲਾਗੈ॥ਤਾ ਜੋ ਰਹਤ ਸੋ ਦ੍ਰਿੜ ਕਰ ਰਾਖੈ॥

(ਰਹਿਤਨਾਮਾ ਭਾਈ ਦੇਸਾ ਜੀ)

(ਬਾਕੀ ਪੰਨਾ ੧੭ ਤੇ ....)



www.AKJ.Org

# ਜੂਨ ਮਹੀਨੇ ਦੀਆਂ ਇਤਿਹਾਸਕ ਘਟਨਾਵਾਂ

ਜੂਨ ੧ (ੳ) ਛੋਟਾ ਘੱਲੂਘਾਰਾ- ਤਕਰੀਬਨ ਇਕ ਮਹੀਨਾ ਕਾਹਨੂੰਵਾਨ ਛੰਭ ਵਿਚ ਸਿੰਘ ਮੁਗਲਾਂ ਦਾ ਟਾਕਰਾ ਕਰਦੇ ਰਹੇ। ੧੦ ਹਜ਼ਾਰ ਦੇ ਕਰੀਬ ਸਿੰਘਾਂ ਨੇ ਸ਼ਹੀਦੀਆਂ ਪਾਈਆਂ। ਲਖਪਤ ਰਾਏ ਤੇ ਯਹੀਆ ਖਾਨ ਨੇ ਇਸ ਦਿਨ ਹਮਲਾ ਕੀਤਾ ਸੀ. (੧੭੪੬ ਈ:)। ਲਖਪਤ ਰਾਏ, ਯਹੀਆ ਖਾਨ ਦੀ ਆਗਿਆ ਨਾਲ ਆਪਣੇ ਭਰਾ, ਜਸਪਤ ਰਾਏ ਦੇ ਕਤਲ ਦਾ ਬਦਲਾ ਲੈਣ ਲਈ ਸਿੰਘਾਂ ਦਾ ਖੁਰਾ-ਖੋਜ ਮਿਟਾਉਣਾ ਚਾਹੁੰਦਾ ਸੀ। ਇਸ ਕਾਜ ਵਿਚ ਯਹੀਆ ਖਾਨ ਨੇ ਵੀ ਉਸ ਨੂੰ ਹੱਲਾ-ਸ਼ੇਰੀ ਦਿੱਤੀ ਸੀ, ਕਿਉਂਕਿ ਉਸਦੀ ਦ੍ਰਿਸ਼ਟੀ ਵਿਚ ਸਿੱਖ ਮੁਗਲ ਰਾਜ ਲਈ ਬਹੁਤ ਵੱਡਾ ਖਤਰਾ ਸਨ।

(ਅ) ਅਕਾਲੀ ਅਖ਼ਬਾਰ - ਸ਼੍ਰੋਮਣੀ ਕਮੇਟੀ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਮੁਖੀਆ ਨੇ ਸਿੱਖਾਂ ਦੇ ਹੱਕਾਂ ਦੀ ਰਾਖੀ ਅਤੇ ਸਰਕਾਰੀ ਕੂੜ-ਪ੍ਰਚਾਰ ਦਾ ਮੁਕਾਬਲਾ ਕਰਨ ਹਿਤ ਲਾਹੌਰ ਤੋਂ ੧੯੨੦ ਈ: ਵਿਚ ਰੋਜ਼ਾਨਾ ਪੰਜਾਬੀ ਅਖ਼ਬਾਰ ਜਾਰੀ ਕੀਤਾ।

ਜੂਨ ੨ ਮਹਾਰਾਜਾ ਰਣਜੀਤ ਸਿੰਘ ਨੇ ਕਈ ਸਾਲਾਂ ਦੇ ਲੜਾਈ ਝਗੜਿਆਂ ਤੋਂ ਬਾਅਦ ੧੮੧੮ ਈ: ਵਿਚ ਮੁਲਤਾਨ ਦਾ ਕਿਲ੍ਹਾ ਜਿੱਤ ਕੇ ਸੂਬਾ ਮੁਲਤਾਨ ਨੂੰ ਆਪਣੇ ਰਾਜ ਵਿਚ ਸ਼ਾਮਲ ਕੀਤਾ।

ਜੂਨ ੩ ਮਨਸੂਬਾ ਬਣਾ ਕੇ ਹਿੰਦੁਸਤਾਨ ਦੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੇ ਸ੍ਰੀ ਦਰਬਾਰ ਸਾਹਿਬ 'ਤੇ ਟੈਂਕਾਂ ਨਾਲ ਹਮਲਾ ਕਰਕੇ ਕੁਕਰਮ ਕਮਾਇਆ (੧੯੮੪ ਈ:)। ਸ੍ਰੀ ਅਕਾਲ ਤਖ਼ਤ ਸਾਹਿਬ ਢਹਿ-ਢੇਰੀ ਕਰ ਦਿੱਤਾ। ਹਜ਼ਾਰਾਂ ਸਿੰਘ ਸ਼ਹੀਦ ਹੋਏ। ਸਾਰਾ ਸਿੱਖ ਜਗਤ ਰੋਹ ਵਜੋਂ ਉਠ ਖਲੋਤਾ। ਕਈਆਂ ਪਦਮ-ਭੂਸ਼ਣ ਛੱਡੇ। ਕਈਆਂ ਅਹੁਦੇ ਤਿਆਗੇ। ਕਈ ਸਿੱਖ-ਫ਼ੌਜੀ ਬੈਰਕਾਂ ਛੱਡ, ਸਿੱਧੇ ਸ੍ਰੀ ਦਰਬਾਰ ਸਾਹਿਬ ਦੀ ਰੱਖਿਆ ਲਈ ਉਠ ਦੌੜੇ। ਹਜ਼ਾਰਾਂ ਨੇ ਗ੍ਰਿਫ਼ਤਾਰੀ ਦਿੱਤੀ। ਇੰਦਰਾ ਨੇ ੩੧ ਅਕਤੂਬਰ ੧੯੮੪ ਵਿਚ ਹੀ ਕੀਤੇ ਦੀ ਸਜ਼ਾ ਪਾਈ।

ਜੂਨ ੬ (ੳ) ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਨੇ ੧੬੨੮ ਈ: ਵਿਚ ਅੰਮ੍ਰਿਤਸਰ ਦੀ ਪਹਿਲੀ ਜੰਗ ਜਿੱਤੀ।

(ਅ) ਪਿਆਰੇ ਭਾਈ ਮੋਹਕਮ ਸਿੰਘ (ਦਵਾਰਕਾ ਨਿਵਾਸੀ) ਜੀ ਦਾ ਜਨਮ (੧੬੬੩ ਈ:) ਭਾਈ ਤੀਰਥ ਚੰਦ ਛੀਂਬੇ ਦੇ ਘਰ ਮਾਤਾ ਦੇਵ ਬਾਈ ਦੀ ਕੁੱਖੋਂ ਹੋਇਆ। ਇਨ੍ਹਾਂ ਚਮਕੌਰ ਦੀ ਗੜ੍ਹੀ ਵਿਚ ਜੂਝਦਿਆਂ (੧੭੦੪ ਈ:) ਵਿਚ ਸ਼ਹੀਦੀ ਪਾਈ ।

(ੲ) ਬਹਿਰਾਮ ਪੁਰ ਦੀ ਲੜਾਈ- ਬਾਬਾ ਬੰਦਾ ਸਿੰਘ ਬਹਾਦਰ ਅਤੇ ਬਹਾਦਰਸ਼ਾਹ ਦੇ ਵਿਚਕਾਰ ੧੭੧੧ ਈ: ਵਿਚ ਹੋਈ। ਇਸ ਵਿਚ ਬੰਦਾ ਸਿੰਘ ਬਹਾਦਰ ਨੇ ਵਿਜੈ ਪ੍ਰਾਪਤ ਕੀਤੀ।

ਜੂਨ ੮ ਦਿੱਲੀ ਦਾ ਤਖ਼ਤ ਪ੍ਰਾਪਤ ਕਰਨ ਲਈ ਜਾਜੋਂ (ਆਗਰੇ) ਦੇ ਮੁਕਾਮ 'ਤੇ ਔਰੰਗਜ਼ੇਬ ਦੇ ਪੁੱਤਰ ਸ਼ਹਿਜ਼ਾਦਾ ਤਾਰਾ ਆਜ਼ਮ ਅਤੇ ਮੁਆਜ਼ਮ (ਬਹਾਦਰ ਸ਼ਾਹ) ਵਿਚਕਾਰ ਲੜਾਈ ਹੋਈ, ਜਿਸ ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਬਖਸ਼ੇ ਤੀਰ ਨਾਲ ਤਾਰਾ ਆਜ਼ਮ ਮਾਰਿਆ ਗਿਆ। ਇਸ ਤੀਰ ਦੀ ਨੋਕ ਉਤੇ ਸੋਨਾ ਲੱਗਿਆ ਸੀ। ਇਸ ਦਿਨ ਬਹਾਦਰ ਸ਼ਾਹ ਦੀ ਜਿੱਤ ਹੋਈ (੧੭੦੭ ਈ:)।

ਜੂਨ ੯ ਬਾਬਾ ਬੰਦਾ ਸਿੰਘ ਬਹਾਦਰ ਤੇ ਉਸਦੇ ਪੁੱਤਰ ਅਜੈ ਸਿੰਘ ਨੂੰ ਕੁਝ ਚੋਣਵੇਂ ਸਾਥੀਆਂ ਸਮੇਤ ਬਾਦਸ਼ਾਹ ਫਰੁਖ਼ਸੀਅਰ ਦੇ ਹੁਕਮ ਨਾਲ ੧੭੧੬ ਈ. ਵਿਚ ਦਿੱਲੀ ਵਿਚ ਮਹਿਰੌਲੀ ਵਿਖੇ ਬੜੀ ਬੇਰਹਿਮੀ ਨਾਲ ਤਸੀਹੇ ਦੇ ਕੇ ਸ਼ਹੀਦ ਕੀਤਾ ਗਿਆ।

ਜੂਨ ੧੦ (ੳ) ਗਿਆਨੀ ਕਰਤਾਰ ਸਿੰਘ ਜੀ ਦਾ ਅਕਾਲ-ਚਲਾਣਾ (੧੯੭੮ ਈ.) ਪਟਿਆਲੇ ਵਿਖੇ ਹੋਇਆ।

(ਅ) ਨਕਲੀ ਨਿੰਕਾਰੀਆਂ ਵਿਰੁੱਧ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ੧੯੭੮ ਈ. ਨੂੰ ਹੁਕਮਨਾਮਾ ਜਾਰੀ ਹੋਇਆ, ਜਿਸ ਅਨੁਸਾਰ ਸਿੱਖਾਂ ਨੂੰ ਆਦੇਸ਼ ਦਿੱਤਾ ਗਿਆ ਕਿ ਨਿਰੰਕਾਰੀ ਸਿੱਖ ਪੰਥ ਦਾ ਹਿੱਸਾ ਨਹੀਂ ਅਤੇ ਉਨ੍ਹਾਂ ਨਾਲ ਕੋਈ ਸਿੱਖ ਕਿਸੇ ਪ੍ਰਕਾਰ ਦਾ ਮੇਲ ਨਾ ਰੱਖੇ।

ਜੂਨ ੧੨ ਮਹਾਰਾਣੀ ਚੰਦ ਕੌਰ ਦਾ ਕਤਲ (੧੮੪੨ ਈ.)।

ਜੂਨ ੧੪ ਜਨਮ ਦਿਵਸ ਸਾਹਿਬਜ਼ਾਦਾ ਬਾਬਾ ਫ਼ਤਹਿ ਸਿੰਘ ਜੀ (੧੬੯੮ ਈ:)। ਆਪ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਛੋਟੇ ਸਪੁੱਤਰ ਸਨ। ੨੭ ਦਸੰਬਰ, ੧੭੦੪ ਈ: (੧੩ ਪੋਹ ਸੰਮਤ ੧੭੬੧) ਨੂੰ ਆਪ ਛੇ ਸਾਲ ਦੀ ਆਯੂ ਵਿਚ, ਵਜ਼ੀਰ ਖ਼ਾਨ ਸੂਬਾ ਸਰਹਿੰਦ ਦੇ ਹੁਕਮ ਨਾਲ ਜਿਊਂਦੇ ਹੀ ਨੀਂਹ ਵਿਚ ਚਿਣਾ ਦਿੱਤੇ ਗਏ।

ਜੂਨ ੧੭ (ੳ) ਬਿਦਰ ਨਿਵਾਸੀ ਭਾਈ ਜਮਨੇ ਨਾਈ ਦੇ ਘਰ, ਮਾਤਾ ਸੋਨਾ ਬਾਈ ਦੇ ਉਦਰ ਤੋਂ ੧੬੬੨



www.AKJ.Org

ਈ: ਵਿਚ ਭਾਈ ਸਾਹਿਬ ਚੰਦ ਸ਼ੀ ਦਾ ਜਨਮ ਹੋਇਆ। ੧੬੯੯ ਈ: ਵਿਚ ਦਸਮੇਸ਼ ਪਿਤਾ ਤੋਂ ਅੰਮ੍ਰਿਤ ਛਕ ਕੇ ਸਿੰਘ ਪਦ ਧਾਰਨ ਕੀਤਾ, ੧੭੦੪ ਈ: ਦੇ ਧਰਮ-ਯੁੱਧ ਵਿਚ ਚਮਕੌਰ ਸਾਹਿਬ ਵਿਖੇ ਸ਼ਹੀਦ ਹੋਏ। ਇਨ੍ਹਾਂ ਨੇ ਅੰਮ੍ਰਿਤ ਛਕਣ ਤੋਂ ਪਹਿਲਾਂ ਵੀ ਧਰਮ-ਯੁੱਧਾਂ ਵਿਚ ਹਿੱਸਾ ਲਿਆ ਸੀ। ੧੬੮੮ ਈ: ਵਿਚ ਭੰਗਾਣੀ ਦੇ ਜੰਗ ਵਿਚ ਇਨ੍ਹਾਂ ਨੇ ਵੱਡੀ ਬੀਰਤਾ ਦਿਖਾਈ, ਜਿਸਦਾ ਜ਼ਿਕਰ ਬਚਿੱਤ੍ਰ ਨਾਟਕ ਦੇ ਅੱਠਵੇਂ ਅਧਿਆਇ ਵਿਚ ਦਸਮੇਸ਼ ਪਿਤਾ ਨੇ ਆਪ ਕੀਤਾ ਹੈ।

(ਅ) ਸ੍ਰੀ ਹਰਮਿੰਦਰ ਸਾਹਿਬ, ਅੰਮ੍ਰਿਤਸਰ ਦੇ ਸਰੋਵਰ ਦੀ ਕਾਰ ਸੇਵਾ (ਸਫ਼ਾਈ) ੧੯੨੩ ਈ: ਵਿਚ ਹੋਈ। ਪੰਜਾ ਪਿਆਰਿਆਂ ਨੇ ਸੋਨੇ ਦੀਆ ਕਹੀਆਂ ਤੇ ਚਾਂਦੀ ਦੇ ਬਾਟਿਆਂ ਵਿਚ ਪਹਿਲੀ ਗਾਰ ਕੱਢੀ। ਪੰਜਾ ਪਿਆਰਿਆਂ ਦੇ ਟੱਕ ਲਾਉਣ ਪਿੱਛੋਂ ਸਭ ਸ਼ਰਧਾਲੂਆਂ, ਅਮੀਰਾਂ, ਗਰੀਬਾਂ, ਹਿੰਦੂਆਂ, ਸਿੱਖਾਂ ਅਤੇ ਮੁਸਲਮਾਨਾਂ ਨੇ ਕਾਰ- ਸੇਵਾ ਕੀਤੀ।

ਜੂਨ ੧੯ (ੳ) ਪ੍ਰਕਾਸ਼ ਦਿਵਸ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ (੧੫੯੫ ਈ:)।

(ਅ) ਪੰਜ ਗਦਰੀ ਬਾਬਿਆ ਨੂੰ ੧੯੧੯ ਈ: ਨੂੰ ਫਾਂਸੀ ਚੜ੍ਹਾਇਆ ਗਿਆ।

(ੲ) ਸ਼ੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਪਹਿਲੀ ਚੋਣ ੧੯੨੫ ਈ: ਨੂੰ ਹੋਈ ਜਿਸ ਵਿਚ ਪਹਿਲੀ ਵਾਰੀ ਬੀਬੀਆਂ ਨੂੰ ਵੋਟ ਦੇਣ ਦਾ ਹੱਕ ਦਿੱਤਾ ਗਿਆ।

ਜੂਨ ੨੪ ਮਾਸਟਰ ਤਾਰਾ ਸਿੰਘ ਦਾ ਜਨਮ (੧੮੮੧ ਈ:) ਹੋਇਆ।

ਜੂਨ ੨੮ ਸ਼ੇਰੇ ਪੰਜਾਬ ਮਹਾਰਾਜਾ ਰਣਜੀਤ ਸਿੰਘ ਜੀ ਦਾ (੧੮੩੯ ਈ:) ਅਕਾਲ-ਚਲਾਣਾ। ਆਪ ਪੰਜਾਬ ਦੇ ਪਹਿਲੇ ਸਿੱਖ ਮਹਾਰਾਜਾ ਸਨ, ਜਿਨ੍ਹਾਂ ਬਿਨਾਂ ਵਿਤਕਰੇ ੪੦ ਸਾਲ ਰਾਜ ਕਮਾਇਆ। ਹਿੰਦੂ ਮੁਸਲਮਾਨ ਸਭ ਸੁਖੀ ਸਨ। ੧੭੯੯ ਈ: ਵਿਚ ਉਨ੍ਹਾਂ ਨੇ ਲਾਹੌਰ ਦੇ ਕਿਲ੍ਹੇ 'ਤੇ ਕਬਜ਼ਾ ਕੀਤਾ, ਆਲੇ-ਦੁਆਲੇ ਦਾ ਸਾਰਾ ਪੰਜਾਬ, ਕਸ਼ਮੀਰ, ਮੁਲਤਾਨ, ਕਾਂਗੜਾ ਅਤੇ ਅਟਕ ਪਾਰ ਦਾ ਇਲਾਕਾ ਖ਼ਾਲਸਾ ਰਾਜ ਵਿੱਚ ਸ਼ਾਮਲ ਕੀਤਾ। ਉਨ੍ਹਾਂ ਦੇ ਜਿਊਂਦਿਆਂ ਕਿਸੇ ਨੂੰ ਵੀ ਪੰਜਾਬ ਵੱਲ ਅੱਖ ਚੁੱਕਣ ਦੀ ਜੁਰਅਤ ਨਾ ਹੋਈ।

ਜੂਨ ੨੯ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਪਾਤਸ਼ਾਹੀ ਛੇਵੀਂ ਤਖ਼ਤ 'ਤੇ ਬਿਰਾਜੇ ਅਤੇ ਮੀਰੀ-ਪੀਰੀ ਦੀਆਂ ਦੋ ਕ੍ਰਿਪਾਨਾਂ ਪਹਿਨੀਆਂ (੧੬੦੬ ਈ:)।

ਜੂਨ ੩੦ ਰਾਜਾ ਕਰਮ ਸਿੰਘ ਪਟਿਆਲਾ ਦੀ ਗੱਦੀ-ਨਸ਼ੀਨੀ (੧੮੧੩ ਈ:)।

---

ਟਰਾਂਟੋਂ ਦੇ ਬਾਕੀ ਸਮਾਗਮ .... ਪੰਨਾ ੪੦ ਦਾ ਬਾਕੀ .....)

੨ ਜੁਲਾਈ ੨001 ਸੋਮਵਾਰ ਸ਼ਾਮ 5.30 ਤੋਂ 8.30 ਤੱਕ ਅਖੰਡ ਕੀਰਤਨ ਗੁ: ਸਾਹਿਬ (ਰਿਵਾਲਡਾ ਰੋਡ) 140 Rivalda Roa, North Tork (416) 748-9442

3 ਜੁਲਾਈ ੨001 ਮੰਗਲਵਾਰ ਸ਼ਾਮ 5.30 ਤੋਂ 8.30 ਤੱਕ ਅਖੰਡ ਕੀਰਤਨ ਗੁ: ਸਾਹਿਬ (ਸਕਾਰਬਰੋ) 905 Middlefield Rd, Scarborough (416) 299-4800

4 ਜੁਲਾਈ ੨001 ਬੁਧਵਾਰ ਸ਼ਾਮ 5.30 ਤੋਂ 8.30 ਤੱਕ ਅਖੰਡ ਕੀਰਤਨ ਗੁ: ਸਾਹਿਬ (ਵੈਸਟਨ ਰੋਡ) 331 Old Weston Road, Toronto (416) 656-5699

5 ਜੁਲਾਈ ੨001 ਵੀਰਵਾਰ ਸ਼ਾਮ 5.30 ਤੋਂ 8.30 ਤੱਕ ਅਖੰਡ ਕੀਰਤਨ ਗੁ: ਸਾਹਿਬ (ਡਿਕਸੀ ਰੋਡ) 7080 Dixie Road, Mississauga (905) 670-3311

6 ਜੁਲਾਈ ੨001 ਸ਼ੁਕਰਵਾਰ • ਸ਼ਾਮ 5.30 ਤੋਂ 8.30 ਤੱਕ ਅਖੰਡ ਕੀਰਤਨ ਗੁ: ਸਾਹਿਬ (ਗਲੀਡਨ ਰੋਡ) 99 Glidden Road, Brampton (905) 457-5757

7 ਜੁਲਾਈ ੨001 ਸ਼ਨੀਵਾਰ ਸਵੇਰੇ 6 ਤੋਂ 11 ਤੱਕ ਅਖੰਡ ਕੀਰਤਨ ਗੁ: ਸਾਹਿਬ (ਵੈਸਟਨ ਰੋਡ) 331 Old Weston Road, Toronto (416) 656-5699

ਅੰਮ੍ਰਿਤ ਸੰਚਾਰ 7 ਜੁਲਾਈ ਸ਼ਾਮ 5 ਵਜੇ ਗੁ: ਸਾਹਿਬ (ਡਿਕਸੀ ਰੋਡ)

ਰੈਣਿ ਸਬਾਈ ਸ਼ਾਮ 8 ਵਜੇ ਆਰੰਭ ਗੁ: ਸਾਹਿਬ (ਡਿਕਸੀ ਰੋਡ)

ਨੋਟ : ੨ ਜੁਲਾਈ ਤੋਂ 6 ਜੁਲਾਈ ਤੱਕ 6 ਤੋਂ 9 ਸਵੇਰੇ ਆਸਾ ਦੀ ਵਾਰ ਦਾ ਪ੍ਰੋਗਰਾਮ ਗੁ: ਸਾਹਿਬ ਮਿਸੀਸਾਗਾ ਰੋਡ ਵਿਖੇ ਹੋਵੇਗਾ।



www.AKJ.Org

## ਭਾਈ ਬਲਬੀਰ ਸਿੰਘ ਜੀ ਦੇ ਭੋਗ ਸਮੇਂ ਹੋਈਆਂ ਕਾਰਵਾਈਆਂ ਦੀ ਵਿਚਾਰ

13 ਮਈ ੨001 ਨੂੰ ਗੁਰਮਤਿ ਸੰਚਾਰ ਕੇਂਦਰ ਭਾਈ ਰਣਧੀਰ ਸਿੰਘ ਟ੍ਰਸਟ ਲੁਧਿਆਣਾ ਵਿਖੇ ਭਾਈ ਬਲਬੀਰ ਸਿੰਘ ਜੀ ਦੇ ਭੋਗ ਸਮੇਂ ਕੁਝ ਅਜਿਹੀਆਂ ਅਣਚਾਹੀਆ ਘਟਨਾਵਾਂ ਵਾਪਰੀਆਂ ਜਿਹੜੀਆ ਸੰਗਤਾਂ ਵਿਚ ਬੇਰਸੀ ਦਾ ਕਾਰਨ ਬਣੀਆਂ। ਜੇਕਰ ਅਖੰਡ ਕੀਰਤਨੀ ਜੱਥੇ ਦੇ ਆਗੂ ਅਖਵਾਉਣ ਵਾਲੇ ਕੁੱਝ ਸੱਜਣ ਆਪਣੀ ਹਉਮੈ ਤੇ ਖੁਦਗਰਜ਼ੀ ਛੱਡ ਕੇ ਸਿਆਣਪ ਵਰਤਦੇ ਤਾਂ ਇਹਨਾਂ ਘਟਨਾਵਾਂ ਤੋਂ ਬਚਿਆ ਜਾ ਸਕਦਾ ਸੀ। ਉਸ ਸਮੇਂ ਵਾਪਰੀਆਂ ਘਟਨਾਵਾਂ ਤੇ ਉਹਨਾਂ ਦਾ ਵਿਸ਼ਲੇਸ਼ਣ ਇਸ ਪ੍ਰਕਾਰ ਹੈ :-

1. ਕਿਸੇ ਵੀ ਸ਼ਹਿਰ ਦੇ ਸਮਾਗਮ ਸਮੇਂ ਸੰਗਤਾਂ ਨੂੰ ਸੂਚਨਾਵਾਂ ਦੇਣ ਲਈ ਉਥੋਂ ਦਾ ਹੀ ਸਿੰਘ ਹੋਣਾ ਚਾਹੀਦਾ ਹੈ। ਇਸ ਸਮਾਗਮ ਸਮੇਂ ਵੀ ਲੁਧਿਆਣਾ ਦੇ ਸਕੱਤਰ ਭਾਈ ਹਰਬੰਸ ਸਿੰਘ ਮੌਜੂਦ ਸਨ। ਭਾਈ ਬਲਬੀਰ ਸਿੰਘ ਜੀ ਦੇ ਸਸਕਾਰ ਦੇ ਮੌਕੇ ਤੇ ਵੀ ਇਹ ਸਥਿਤੀ ਪੈਦਾ ਹੋਣ ਕਰਕੇ ਬਾਕੀ ਸਾਰੇ ਸਮਾਗਮਾਂ ਵਾਸਤੇ ਭਾਈ ਹਰਬੰਸ ਸਿੰਘ ਜੀ ਨੂੰ ਹੀ ਸੇਵਾ ਦੇਣ ਦਾ ਫੈਸਲਾ ਭਾਈ ਗੁਰਬਚਨ ਸਿੰਘ ਤੇਲ ਵਾਲੇ ਦਿੱਲੀ, ਭਾਈ ਕੁਲਵੰਤ ਸਿੰਘ ਕਾਕੀ ਪਿੰਡ ਤੇ ਹੋਰ ਕਈ ਸੱਜਣਾਂ ਦੀ ਹਾਜ਼ਰੀ ਵਿਚ ਕੀਤਾ ਗਿਆ ਸੀ ਪ੍ਰੰਤੂ ਲੋਕਲ ਸੰਗਤਾਂ ਦੀ ਮਰਜ਼ੀ ਦੇ ਵਿਰੋਧ ਇਸ ਫੈਸਲੇ ਨੂੰ ਉਲਟਾ ਕੇ, ਭਾਈ ਬੇਅੰਤ ਸਿੰਘ ਦਿੱਲੀ ਵਾਲਿਆਂ ਨੇ ਸਕੱਤਰ ਦੀ ਸੇਵਾ ਸੰਭਾਲੀ ਜੋ ਕਿ ਇਹ ਸਾਰੀਆ ਘਟਨਾਵਾ ਦਾ ਮੂਲ ਕਾਰਨ ਬਣਿਆ। (ਸਮੂਹ ਸੰਗਤਾਂ ਪ੍ਰਤੀ ਬੇਨਤੀ ਹੈ ਕਿ ਸਟੇਜ ਸਕੱਤਰ ਦੀ ਸੇਵਾ ਲੋਕਲ ਸਿੰਘ ਕੋਲ ਹੋਣ ਦਾ ਫੈਸਲਾ ਸਖਤੀ ਨਾਲ ਆਪੋ ਆਪਣੇ ਸ਼ਹਿਰਾਂ ਵਿਚ ਲਾਗੂ ਕਰਨ ਤਾਂ ਕਿ ਇਸ ਤਰ੍ਹਾਂ ਦੀਆ ਘਟਨਾਵਾਂ ਮੁੜ ਕੇ ਨਾ ਵਾਪਰਨ)

੨. ਅਖੰਡ ਕੀਰਤਨੀ ਜੱਥੇ ਵਿਚ ਭੋਗ ਦੇ ਸਮਾਗਮ ਨੂੰ ਸ਼ਾਇਦ ਪਹਿਲੀ ਵਾਰੀ ਸ਼ੋਕ ਸਮਾਗਮ ਨਾਮ ਦਿੱਤਾ ਗਿਆ ਉਹ ਵੀ ਜੱਥੇ ਦੀ ਪ੍ਰਮੁੱਖ ਹਸਤੀ ਦੇ ਭੋਗ ਸਮੇਂ। ਭਾਵੇਂ ਕਿ ਭਾਈ ਜੋਗਿੰਦਰ ਸਿੰਘ ਜੀ ਤਲਵਾੜਾ ਨੇ ਬਾਅਦ ਵਿਚ ਇਸਦੀ ਨਿਖੇਧੀ ਕੀਤੀ ਪਰ ਕੀ ਉਹ ਇਹ ਗੱਲ ਪਹਿਲਾਂ ਆਪਣੇ ਸਾਥੀ ਪ੍ਰਬੰਧਕਾਂ ਨੂੰ ਨਹੀਂ ਕਹਿ ਸਕਦੇ ਸਨ ਜਿਸ ਨਾਲ ਰਵਾਇਤ ਦੀ ਉਲੰਘਣਾ ਨਾ ਹੁੰਦੀ।

3. ਸਮਾਗਮ ਦੇ ਆਰੰਭ ਵੇਲੇ ਹੀ ਅਤੇ ਸਮਾਗਮ ਚਲਦੇ ਵੇਲੇ ਵੀ ਭਾਈ ਬਲਬੀਰ ਸਿੰਘ ਜੀ ਦੇ ਸਪੁੱਤਰ ਭਾਈ ਮਨਜੀਤ ਸਿੰਘ ਨੂੰ ਲੁਧਿਆਣੇ ਦੇ ਸਿੰਘਾਂ ਨੇ ਨਿੱਜੀ ਤੌਰ ਤੇ ਅਤੇ ਸੰਗਤ ਰੂਪ ਵਿਚ ਵੀ, ਜ਼ਬਾਨੀ ਵੀ ਅਤੇ ਲਿਖਤੀ ਬੇਨਤੀਆਂ ਕੀਤੀਆਂ ਕਿ ਇਸ ਭੋਗ ਸਮਾਗਮ ਨੂੰ ਕਿਸੇ ਧੜੇਬਾਜ਼ੀ ਦੇ ਪ੍ਰਚਾਰ ਲਈ ਨਾ ਵਰਤਿਆ ਜਾਵੇ ਅਤੇ ਅਜਿਹਾ ਨਾ ਹੋਣ ਦੀ ਸੂਰਤ ਵਿਚ ਹੋਣ ਵਾਲੇ ਪ੍ਰਤੀਕਰਮ ਤੋਂ ਵੀ ਪਹਿਲਾਂ ਹੀ ਜਾਣੂ ਕਰਵਾ ਦਿੱਤਾ ਗਿਆ ਸੀ ਪਰੰਤੂ ਅਫਸੋਸ ਭਾਈ ਮਨਜੀਤ ਸਿੰਘ ਵੱਲੋਂ ਸੰਗਤਾਂ ਦੀ ਬੇਨਤੀ ਨੂੰ ਠੁਕਰਾ ਕੇ ਭਾਈ ਬੇਅੰਤ ਸਿੰਘ ਦੀ ਮਾਰਫਤ ਧੜੇਬਾਜ਼ੀ ਨੂੰ ਪ੍ਰਚਾਰਨ ਅਤੇ ਗੁਰੂ ਮਹਾਰਾਜ ਦੀ ਹਜ਼ੂਰੀ ਵਿਚ ਝੂਠ ਬੋਲ ਕੇ ਸੰਗਤਾਂ ਵਿਚ ਭੁਲੇਖੇ ਖੜੇ ਕਰਨ ਦਾ ਬਜਰ ਗੁਨਾਹ ਕੀਤਾ ਗਿਆ। ਜਿਸ ਦੀ ਤਰਦੀਦ ਕਰਨ ਲਈ ਕੁਝ ਦਰਦਵੰਦ ਸਿੰਘਾ ਨੂੰ ਉਠ ਕੇ ਦਖਲ ਦੇਣਾ ਪਿਆ। (ਪਹਿਲੀ ਗੱਲ ਭਾਈ, ਬੇਅੰਤ ਸਿੰਘ ਦੇ ਕਹੇ ਅਨੁਸਾਰ ਪ੍ਰਬੰਧਕੀ ਪੰਚਾਇਣੀ ਅਖੰਡ ਕੀਰਤਨੀ ਜੱਥਾ ਬੀ. ਸੀ. (ਕੈਨੇਡਾ) ਵੱਲੋਂ ਭੇਜਿਆ ਸ਼ੋਕਮਤਾ ਸੀ ਜੋ ਕਿ ਸਰਾਸਰ ਝੂਠ ਹੈ। ਕਿਉਂਕਿ ਇਕ ਤਾਂ ਕੈਨੇਡਾ (ਬੀ. ਸੀ.) ਦੀ ਸੂਚਨਾ ਅਨੁਸਾਰ ਉਥੋਂ ਦੇ ਅਖੰਡ ਕੀਰਤਨੀ ਜੱਥੇ ਵੱਲੋਂ ਮਤਾ ਪਾਸ ਕੀਤਾ ਹੋਇਆ ਹੈ ਕਿ ਇਥੇ ਕੋਈ ਪ੍ਰਬੰਧਕੀ ਪੰਚਾਇਣ ਨਾਂ ਦੀ ਬਾਡੀ ਨਹੀਂ ਹੈ ਤੇ ਅਖੰਡ ਕੀਰਤਨੀ ਜੱਥੇ ਦਾ ਨਾਂ ਕੇਵਲ ਅਖੰਡ ਕੀਰਤਨੀ ਜੱਥਾ ਹੈ ਅਤੇ ਦੂਜਾ 31 ਦਸੰਬਰ ੨000 ਨੂੰ ਲੁਧਿਆਣਾ ਵਿਖੇ ਹੋਏ ਸੰਗਤੀ ਫੈਸਲੇ ਅਨੁਸਾਰ ਪ੍ਰਬੰਧਕੀ ਪੰਚਾਇਣ ਦਾ ਨਾਮ ਖਤਮ ਕਰ ਦਿੱਤਾ ਗਿਆ ਸੀ। ਦੂਸਰੀ ਗੱਲ ਭਾਈ ਬੇਅੰਤ ਸਿੰਘ ਵੱਲੋਂ ਭਾਈ ਹਰਚਰਨ ਸਿੰਘ ਨੂੰ ਅਖੰਡ ਕੀਰਤਨੀ ਜੱਥੇ ਦਾ ਮੁਖੀ ਆਖਿਆ ਗਿਆ। ਇਹ ਵੀ ਇਕ ਸਰਾਸਰ ਝੂਠ ਬਿਆਨੀ ਸੀ ਕਿਉਂਕਿ ਇਹਨਾਂ ਦੇ ਆਪਣੇ ਕਹੇ ਅਤੇ ਵਿਚਾਰਾਂ ਅਨੁਸਾਰ ਅਖੰਡ ਕੀਰਤਨੀ ਜੱਥੇ ਦਾ ਮੁਖੀ ਕੋਈ ਇਕ ਪ੍ਰਾਣੀ ਨਹੀਂ ਸਗੋਂ ਇਸ ਦਾ ਪ੍ਰਬੰਧ ਪੰਜ ਮੈਂਬਰਾਂ ਦੇ ਹੱਥ ਵਿਚ ਹੈ। ਵੈਸੇ ਵੀ ਅਖੰਡ ਕੀਰਤਨੀ ਜੱਥੇ ਦਾ ਸਾਰੀ ਸੰਗਤ, ਵਿਚ ਚੁਣਿਆ ਹੋਇਆ ਜਥੇਦਾਰ ਭਾਈ ਰਾਮ ਸਿੰਘ ਜੀ ਅਜੇ ਤੱਕ ਸਰੀਰਕ ਰੂਪ ਵਿਚ ਮੌਜੂਦ ਹਨ ਅਤੇ ਉਹਨਾਂ ਨੂੰ ਇਹਨਾਂ ਦੀ ਕਮੇਟੀ ਬਣਾਉਣ ਵੇਲੇ ਵੀ ਅਤੇ ਇਕ ਵਾਰੀ ਪੰਚਾਂ ਦੇ ਸਮਾਗਮ ਸਮੇਂ ਵੀ ਪੂਰੀ ਉਮਰ ਤੱਕ ਜਥੇਦਾਰ ਰਹਿਣ ਦਾ ਪ੍ਰਵਾਨਾ ਦਿੱਤਾ ਜਾ ਚੁੱਕਾ ਹੈ।

*ਫਿਰ । ਜੇਕਰ ਕਿਸੇ ਵਿਵਾਦ ਤੋਂ ਬਚਣਾ ਹੁੰਦਾ ਤਾਂ ਅਖੰਡ ਕੀਰਤਨੀ ਜੱਥੇ ਦੀਆਂ ਸਿਰਮੌਰ ਕੁਝ ਕੁ ਚੜ੍ਹਦੀਆਂ ਕਲਾਂ ਵਿਚ ਵਿਚਰਨ ਵਾਲੀਆਂ ਨਿਰਵਿਵਾਦ ਸਖਸ਼ੀਅਤਾਂ ਵਿਚੋਂ ਭਾਈ ਸੂਰਤ ਸਿੰਘ ਪੂਰਨ ਜੀ ਉਸ ਅਸਥਾਨ ਤੇ ਹਾਜ਼ਰ ਸਨ ਪ੍ਰੰਤੂ ਕਿਸੇ ਸਾਜ਼ਸ਼ ਅਧੀਨ ਉਹਨਾਂ ਨੂੰ ਅੱਖੋਂ ਪਰੋਖੇ ਕਰਕੇ ਜਾਣ ਬੁਝ ਕੇ ਭਾਈ ਹਰਚਰਨ ਸਿੰਘ ਨੂੰ ਅਖੰਡ ਕੀਰਤਨੀ ਜੱਥੇ ਵੱਲੋਂ ਦਸਤਾਰ ਦੇਣ ਵਾਸਤੇ ਖੜਾ ਕੀਤਾ ਗਿਆ।*



www.AKJ.Org

ਤੀਸਰੀ ਗੱਲ ਭਾਈ ਬਲਬੀਰ ਸਿੰਘ ਜੀ ਵਾਲੀਆਂ ਜਥੇ ਪ੍ਰਤੀ ਜ਼ਿੰਮੇਵਾਰੀਆਂ ਦਾ ਜਾਨਸ਼ੀਨ ਭਾਈ ਮਨਜੀਤ ਸਿੰਘ ਨੂੰ ਐਲਾਨ ਕੇ ਜੋ ਪਿਤਾ ਪੁਰਖੀ ਪ੍ਰਪਾਟੀ ਚਲਾ ਕੇ ਗੁਰਮਤਿ ਰਵਾਇਤਾਂ ਨਾਲ ਜੋ ਖਿਲਵਾੜ ਕੀਤਾ ਗਿਆ ਹੈ ਇਸ ਦੀ ਖੁੱਲ ਕੇ ਵਿਚਾਰ ਕਿਸੇ ਵਖਰੇ ਲੇਖ ਵਿਚ ਕਰਾਂਗੇ।( ਦੇਖੋ । ਇਕ ਪੁਰਖੀ ਸਿਸਟਮ ਨੂੰ ਬਦਲਦੇ ਬਦਲਦੇ ਪਿਤਾ ਪੁਰਖੀ ਸਿਸਟਮ ਵੱਲ ਤੁਰ ਪਏ ਹਨ)

3. ਜਿਸ ਸਮੇਂ ਸ੍ਰੋਮਣੀ. ਗੁ: ਪ੍ਰਬੰਧਕ ਕਮੇਟੀ ਵੱਲੋਂ ਭਾਈ ਪੂਰਨ ਸਿੰਘ ਜੀ ਨੂੰ ਸ੍ਰੀ ਦਰਬਾਰ ਸਾਹਿਬ ਦਾ ਹੈਡ ਗ੍ਰੰਥੀ ਥਾਪਿਆ ਗਿਆ ਉਸ ਸਮੇਂ ਇਸ ਪ੍ਰਬੰਧਕੀ ਪੰਚਾਇਣ ਦੇ ਨਾ ਹੇਠ ਇਸ ਗੱਲ ਦਾ ਕਰੜਾ ਵਿਰੋਧ ਕੀਤਾ ਗਿਆ ਤੇ ਸ਼੍ਰੋਮਣੀ ਕਮੇਟੀ ਪਾਸੋਂ ਪੁੱਛਿਆ ਵੀ ਗਿਆ ਕਿ ਜਿਹਨਾਂ ਦੋਸ਼ਾਂ ਕਾਰਨ ਭਾਈ ਪੂਰਨ ਸਿੰਘ ਨੂੰ ਸ੍ਰੀ ਅਕਾਲ ਤਖਤ ਸਾਹਿਬ ਦੀ ਜਥੇਦਾਰੀ ਤੋਂ ਬਰਖਾਸਤ ਕੀਤਾ ਗਿਆ ਸੀ ਕੀ ਭਾਈ ਪੂਰਨ ਸਿੰਘ ਉਹਨਾਂ ਦੋਸ਼ਾਂ ਤੋਂ ਬਰੀ ਹੋ ਗਏ ਹਨ ਜੋ ਉਹਨਾ ਨੂੰ ਹੁਣ ਦਰਬਾਰ ਸਾਹਿਬ ਦਾ ਹੈਡ ਗ੍ਰੰਥੀ ਲਗਾਇਆ ਗਿਆ ਹੈ। ਪਰ ਚਲੋ. ਉਥੇ ਤਾਂ ਸ੍ਰੋਮਣੀ ਕਮੇਟੀ ਦਾ ਪ੍ਰਬੰਧ ਸੀ ਪਰ ਕੀ ਇਹਨਾਂ ਸੱਜਣਾਂ ਦੇ ਪ੍ਰਬੰਧ ਹੇਠਲੇ ਸਮਾਗਮ ਵਿਚ ਜੋ ਭਾਈ ਪੂਰਨ ਸਿੰਘ ਜੀ ਨੂੰ ਬੁਲਾ ਕੇ ਪ੍ਰਮੁੱਖ ਸੇਵਾਵਾ ਦਿਤੀਆ ਗਈਆ ਹਨ. ਕੀ ਹੁਣ ਭਾਈ ਪੂਰਨ ਸਿੰਘ ਸਾਰੇ ਦੋਸ਼ਾਂ ਤੋਂ ਬਰੀ ਹੋ ਗਏ ਹਨ। ਸਾਰੇ ਸਮਾਗਮ ਦਾ ਕੰਟਰੋਲ ਤੇ ਸਾਰੀਆ ਕਾਰਵਾਈਆ ਵਿਚ ਇਹਨਾ ਦੀ ਦਖਲਅੰਦਾਜ਼ੀ ਦੇਖਦਿਆ ਇਹ ਅਖੌਤੀ ਪ੍ਰਬੰਧਕੀ ਪੰਚਾਇਣ ਵਾਲੇ ਸੱਜਣ ਅਤੇ ਇਹਨਾਂ ਦੇ ਹਮਾਇਤੀ ਭਾਈ ਜੋਗਿੰਦਰ ਸਿੰਘ ਤਲਵਾੜਾ ਇਸ ਗੱਲ ਨੂੰ ਪਰਿਵਾਰ ਦੇ ਸਿਰ ਮੜ੍ਹ ਕੇ ਆਪਣੀ ਜ਼ਿੰਮੇਵਾਰੀ ਤੋਂ ·ਭੱਜ ਨਹੀਂ ਸਕਦੇ।

4. ਅਖੀਰ ਤੇ ਭਾਈ ਜੋਗਿੰਦਰ ਸਿੰਘ ਤਲਵਾੜਾ ਜੀ ਨੇ ਬਹੁਤ ਸੁੰਦਰ ਲਫਜ਼ਾਂ ਵਿਚ ਸੰਗਤਾਂ ਨੂੰ ਸੰਬੋਧਨ ਕਰਦਿਆਂ ਅਖੰਡ ਕੀਰਤਨੀ ਜੱਥੇ ਨੂੰ ਦਰਵੇਸ਼ਾਂ ਦਾ ਜੱਥਾ ਦਸਦਿਆਂ ਕੁਝ ਸਿਆਸੀ ਰੁਚੀਆਂ ਵਾਲੇ ਸੱਜਣਾਂ ਨੂੰ ਇਸ ਜੱਥੇ ਵਿਚ ਆਪਣੀਆਂ ਸਿਆਸੀ ਕਾਰਵਾਈਆਂ ,ਬੰਦ ਕਰਕੇ ਇਸ ਨੂੰ ਦਰਵੇਸ਼ਾਂ ਦਾ ਜੱਥਾ ਹੀ ਰਹਿਣ ਦੀ ਅਪੀਲ ਕੀਤੀ। *ਪਰ, ਕੀ ਇਹ ਸਿਆਸੀ ਰੁਚੀਆਂ ਵਾਲੇ ਸੱਜਣ, ਆਪਣੀ ਮਾਇਆਵਾਦੀ ਸੋਚ ਅਤੇ ਖੁਦਗਰਜ਼ੀ ਰੁਚੀਆਂ ਕਾਰਨ ਜੱਥੇ ਦੇ ਨਾਮ ਅਭਿਆਸ ਕਮਾਈਆਂ ਵਾਲੇ ਕੀਰਤਨਾਂ ਸਮਾਗਮਾਂ ਦੇ ਰੰਗ ਵਿਚ ਭੰਗ ਪਾਉਣ ਵਾਲੇ, ਥਾਂ ਥਾਂ ਤੇ ਸਿਸਟਮ ਦੇ ਨਾਂ ਤੇ ਸੰਗਤਾਂ ਵਿਚ ਅਤੇ ਇਥੋਂ ਤੱਕ ਕਿ ਘਰਾਂ ਵਿਚ ਵੀ ਫੁੱਟ ਪਾਉਣ ਵਾਲੇ, ਸਮਾਗਮਾਂ ਤੇ ਕਬਜ਼ਾ ਕਰਨ ਲਈ ਸਿੰਘਾਂ ਦੇ ਘਰਾਂ ਵਿਚ ਪੁਲਿਸ ਦੇ ਛਾਪੇ ਪਵਾਉਣ. ਅਤੇ ਸਰਕਾਰੀ ਮੱਦਦ ਲੈਣ ਵਾਲੇ. ਜਥੇ ਦੀਆ ਸ਼ਾਨਦਾਰ ਰਵਾਇਤਾਂ ਨੂੰ ਖੇਰੂੰ ਖੇਰੂੰ ਕਰਨ ਵਾਲੇ. ਜਥੇ ਦੇ ਸਿੰਘਾਂ ਵਿਚ ਆਪਸੀ ਪਿਆਰ ਸਤਿਕਾਰ ਭਰਾਤਰੀ ਭਾਵ ਨੂੰ ਤਹਿਸ ਨਹਿਸ ਕਰਨ ਵਾਲੇ. ਜਥੇ ਦੀਆਂ ਗੁਰਮਤਿ ਰਹਿਤ ਰਹਿਣੀਆਂ ਨੂੰ ਵਹਿਮ ਦੱਸ ਕੇ ਸੰਗਤਾਂ ਨੂੰ ਗੁਮਰਾਹ ਕਰਨ ਵਾਲੇ, ਜਥੇ ਵਿਚ ਸੰਗਤੀ ਫੈਸਲਿਆਂ ਨੂੰ ਤਜ ਕੇ ਅਜਾਰੇਦਾਰੀਆਂ ਪਾਲਣ ਵਾਲੇ ਇਹ ਅਖੌਤੀ ਪੁਰਾਤਨ ਸਿੰਘ ਭਾਈ ਜੋਗਿੰਦਰ ਸਿੰਘ ਜੀ ਨੂੰ ਨਜ਼ਰੀ ਨਹੀਂ ਆਉਂਦੇ ਜੋ ਉਹ ਇਹਨਾਂ ਦੀ ਪਿੱਠ ਪੂਰਦੇ ਹਨ ਕਿਉਂ ਨਹੀਂ ਉਹ ਇਹਨਾਂ ਦੀਆਂ ਕਾਰਵਾਈਆਂ ਦਾ ਖੁੱਲ ਕੇ ਵਿਰੋਧ ਕਰਦੇ ਅਤੇ ਸਮੁੱਚੇ ਅਖੰਡ ਕੀਰਤਨੀ ਜੱਥੇ ਦਾ ਇਕੱਠ ਬੁਲਾ ਕੇ ਕੋਈ ਨਿਰਪੱਖ ਕਮੇਟੀ ਚੁਣਦੇ।* (ਜਾ ਫਿਰ ਭਾਈ ਜੋਗਿੰਦਰ ਸਿੰਘ ਜੀ ਦੇ ਕੋਈ ਕਮਜ਼ੋਰ ਸੂਤਰ ਇਹਨਾਂ ਦੇ ਹੱਥ ਵਿਚ ਹਨ ਜੋ ਭਾਈ ਜੋਗਿੰਦਰ ਸਿੰਘ ਖੁੱਲ ਕੇ ਇਹਨਾਂ ਦਾ ਵਿਰੋਧ ਨਹੀਂ ਕਰਦੇ। ) ਯਾਦ ਰਹੇ *ਪੰਥਕ ਪਲੇਟਫਾਰਮ ਤੇ ਅਖੰਡ ਕੀਰਤਨੀ ਜੱਥੇ ਦੀਆਂ ਸਖਸ਼ੀਅਤਾਂ ਵਿਚੋਂ ਕਿਸੇ ਦਾ ਨਾਮ ਹੈ ਤਾਂ ਜਾਂ ਉਹ ਭਾਈ ਰਾਮ ਸਿੰਘ ਜੀ 'ਜਥੇਦਾਰ ਅਖੰਡ ਕੀਰਤਨੀ ਜੱਥਾ' ਵਜੋਂ ਹਨ ਜਾਂ ਭਾਈ ਜੋਗਿੰਦਰ ਸਿੰਘ ਜੀ ਤਲਵਾੜਾ ਦਾ ਨਾਮ ਗੁਰਮਤਿ ਅਤੇ ਗੁਰਬਾਣੀ ਦੇ ਖੋਜੀ ਵਿਦਵਾਨ ਵਜੋਂ ਹੈ। ਇਹ ਅਖੌਤੀ ਪ੍ਰਬੰਧਕੀ ਪੰਚਾਇਣ ਵਾਲਿਆਂ ਦੀ ਕਿਸੇ ਵੀ ਗਲਤ ਕਾਰਵਾਈ ਦਾ ਅੰਜਾਮ ਸਿੱਧਾ ਭਾਈ ਜੋਗਿੰਦਰ ਸਿੰਘ ਤਲਵਾੜਾ ਦੇ ਸਿਰ ਆਉਂਦਾ ਹੈ ਤੇ ਆਉਂਦਾ ਰਹੇਗਾ ਜਦ ਤੱਕ ਕਿ ਭਾਈ ਜੋਗਿੰਦਰ ਸਿੰਘ ਜੀ ਖੁੱਲੇ ਆਮ ਐਲਾਨੀਆ ਇਹਨਾਂ ਦੀਆਂ ਕਾਰਵਾਈਆਂ ਦਾ ਵਿਰੋਧ ਨਹੀਂ ਕਰਦੇ. ਤੇ ਆਪਣੇ ਆਪ ਨੂੰ ਇਹਨਾਂ ਨਾਲੋਂ ਵੱਖ ਨਹੀਂ ਕਰ ਲੈਂਦੇ।*

...ਅਤੇ ਹੁਣ ਕੁਝ ਗੱਲਾਂ ਹੁਸ਼ਿਆਰਪੁਰ ਵਿਖੇ ਸ਼ਹੀਦੀ ਪੁਰਬ ਦੇ ਸਮਾਗਮ ਤੇ ਹੋਈਆਂ ਕਾਰਵਾਈਆਂ ਬਾਰੇ :-

ਹੁਸ਼ਿਆਰਪੁਰ ਦੇ ਕੀਰਤਨ ਸਮਾਗਮ ਤੇ ਰੈਣਿ ਸਬਾਈ ਕੀਰਤਨ ਦੌਰਾਨ ਉਪਰੋਕਤ ਘਟਨਾਵਾਂ ਨੂੰ ਅਧਾਰ ਬਣਾ ਕੇ ਇਕ ਬੇਨਾਮੀ ਇਸ਼ਤਿਹਾਰ ਵੰਡਿਆ ਗਿਆ ਜਿਸ ਦੇ ਥੱਲੇ ਗੁਮਰਾਹਕੁਨ ਝੂਠ ਬੋਲਦਿਆਂ ਇਸ ਅਖੌਤੀ ਪ੍ਰਬੰਧਕੀ ਪੰਚਾਇਣ ਵੱਲੋਂ ਜ਼ਿੰਮੇਵਾਰੀ ਲੈਣ ਦਾ ਹੌਂਸਲਾ ਨਾ ਹੋਣ ਕਾਰਨ ਸਿਰਫ਼ ਅਖੰਡ ਕੀਰਤਨੀ ਜੱਥੇ (ਦੇਸ ਅਤੇ ਵਿਦੇਸ਼) ਲਿਖਿਆ ਗਿਆ। ਇਸ਼ਤਿਹਾਰ ਉਤੇ ਕਿਸੇ ਛਾਪਕ ਜਾਂ ਪ੍ਰਿੰਟਰ ਦਾ ਨਾਮ ਵੀ ਨਹੀਂ ਹੈ। ਇਸ ਇਸ਼ਤਿਹਾਰ ਵਿਚ ਭੋਗ ਸਮਾਗਮ ਸਮੇਂ ਭਾਈ ਬੇਅੰਤ ਸਿੰਘ ਦਿੱਲੀ ਵਾਲਿਆਂ ਵੱਲੋਂ ਕੀਤੀਆ ਜਾ ਰਹੀਆਂ ਗਲਤ ਬਿਆਨੀਆ


www.AKJ.Org

ਦੀ ਤਰਦੀਦ ਕਰਨ ਦਾ ਫਰਜ਼ ਨਿਭਾਉਣ ਵਾਲੇ ਸਿੰਘਾਂ ਨੂੰ ਹੁੱਲੜਬਾਜ਼ ਅਤੇ ਟੁੱਕੜਬੋਚ ਵਰਗੇ ਲਫਜ਼ਾਂ ਨਾਲ ਨਿਵਾਜਿਆ ਗਿਆ ਅਤੇ ਇਹਨਾ ਦਾ ਬਾਈਕਾਟ ਕਰਨ ਅਤੇ ਇਹਨਾ ਦੇ ਪ੍ਰੀਵਾਰਾਂ ਨਾਲ ਰੋਟੀ ਬੇਟੀ ਦੀ ਸਾਂਝ ਖਤਮ ਕਰਨ ਦੀ ਅਪੀਲ ਕੀਤੀ ਗਈ ਹੈ। ਉਸ ਬਾਰੇ ਵਿਚਾਰ ਹੈ ਕਿ :-

1. ਪਹਿਲਾਂ ਤਾਂ ਜੇਕਰ ਤੁਸੀਂ ਇਤਨੇ ਹੀ ਸੱਚੇ ਹੋ ਤਾ ਖੁੱਲੇਆਮ ਜ਼ਿੰਮੇਵਾਰੀ ਲੈਣ ਤੋਂ ਕਿਉਂ ਡਰਦੇ ਹੋ। ਜਿਵੇਂ ਕਿ ਅਖੰਡ ਕੀਰਤਨੀ ਜੱਥਾ ਲੁਧਿਆਣਾ ਵੱਲੋਂ ਖੁੱਲੇਆਮ ਜ਼ਿੰਮੇਵਾਰੀ ਲੈ ਕੇ ਇਹਨਾਂ ਵੱਲੋਂ ਛਾਪੇ ਭਾਈ ਬਲਬੀਰ ਸਿੰਘ ਦੇ ਸੰਦੇਸ਼ ਬਾਰੇ ਵਿਚਾਰ ਛਾਪ ਕੇ ਸੰਗਤਾ ਦੀ ਨਜ਼ਰ ਕੀਤੇ ਗਏ (ਇਹ ਵਿਚਾਰ ਅਖੰਡ ਕੀਰਤਨੀ ਜੱਥਾ ਬਨਾਮ ਪ੍ਰਬੰਧਕੀ ਪੰਚਾਇਣ ਦੇ ਨਾਂ ਹੇਠ ਇਸ ਅੰਕ ਵਿਚ ਵੀ ਛਾਪੇ ਹੋਏ ਹਨ) ਸੰਗਤਾਂ ਸਾਹਮਣੇ ਸੱਚ ਆਉਣ ਤੋਂ ਰੋਕਣ ਲਈ ਲੁਧਿਆਣੇ ਵਾਲੇ ਇਸ ਪੈਂਫਲਿਟ ਨੂੰ ਵੰਡਣ ਨਹੀਂ ਦਿੱਤਾ ਗਿਆ। ਵੰਡਣ ਵਾਲੇ ਸਿੰਘ ਪਾਸੋਂ ਖੋਹ ਕੇ ਜ਼ਬਤ ਕਰ ਲਿਆ ਅਤੇ ਵਰਤਾਰੇ ਨੂੰ ਕੁੱਟਣ ਮਾਰਨ ਦੀਆ ਧਮਕੀਆਂ ਵੀ ਦਿੱਤੀਆਂ ਗਈਆਂ। ਦੂਜੀ ਗੱਲ ਜੋ ਇਹਨਾਂ ਨੇ ਸਿੰਘਾਂ ਨੂੰ ਹੁੱਲੜਬਾਜ਼ ਤੇ ਟੁੱਕੜਬਾਜ਼ ਲਿਖਿਆ ਹੈ- ਤਫ਼ਸੀਲ ਨਾਲ ਦੱਸਣ ਕਿ ਇਹਨਾਂ ਸਿੰਘਾਂ ਦਾ ਇਸ ਹੁੱਲੜਬਾਜ਼ੀ ਤੋਂ ਕੀ ਫਾਇਦਾ ਹੈ ਅਤੇ ਇਹ ਕਿਸਦੇ ਟੁੱਕੜਬਾਜ਼ ਹਨ ਨਾਲੇ ਇਹਨਾ ਹੁੱਲੜਬਾਜ਼ ਸਿੰਘਾ ਦੇ ਨਾਮ ਦੱਸਣ ਜੋ ਕਿ ਇਹ ਲੋਕ ਭਲੀ ਪ੍ਰਕਾਰ ਜਾਣਦੇ ਹਨ ਜਾਂ ਇਹਨਾ ਵਾਸਤੇ ਜਾਣਨੇ ਕੋਈ ਔਖੇ ਨਹੀਂ ਹਨ। ਨਾਲੇ ਇਹ ਵੀ ਦੱਸਣ ਕਿ ਕਿਸ ਕਿਸ ਸ਼ਹਿਰ ਦੇ ਅਖੰਡ ਕੀਰਤਨੀ ਜੱਥੇ ਨੇ ਇਹ ਮਤਾ ਪਾਸ ਕੀਤਾ ਹੈ। ਬਹੁਤ ਸਾਰੇ ਸ਼ਹਿਰਾ ਤੋਂ ਪਤਾ ਕੀਤਾ ਗਿਆ ਤਾ ਉਥੋਂ ਅਜਿਹੀ ਕੋਈ ਗੱਲ ਨਹੀਂ ਹੋਈ।

3. ਤੀਜੀ ਗੱਲ ਜੋ ਰੋਟੀ-ਬੇਟੀ ਦੀ ਸਾਝ ਖਤਮ ਕਰਨ ਦੀ ਕੀਤੀ ਗਈ ਹੈ ਕੀ ਇਹ ਦੱਸ ਸਕਦੇ ਹਨ ਕਿ ਇਹ ਗੱਲ ਇਹਨਾਂ ਕਿਸ ਹੈਸੀਅਤ ਵਿਚ ਕੀਤੀ ਹੈ ਤੇ ਕਿੰਨ੍ਹਾ ਦੋਸ਼ਾਂ ਦੇ ਅਧਾਰ ਤੇ ਕੀਤੀ ਹੈ ਤੇ ਕੀ ਇਹਨਾ ਦੀ ਹੈਸੀਅਤ ਸ੍ਰੀ ਅਕਾਲ ਤਖਤ ਸਾਹਿਬ ਤੋਂ ਵੀ ਵਧ ਗਈ ਹੈ ਕਿ ਉਥੇ ਵੀ ਫਤਵਾ ਜਾਰ ਹੋਣ ਤੋਂ ਪਹਿਲਾ ਸਪਸ਼ਟੀਕਰਨ ਦਾ ਮੌਕਾ ਦਿੱਤਾ ਜਾਂਦਾ ਹੈ। ਕੀ ਇਹਨਾਂ ਨੇ ਅਜਿਹ ਗੱਲ ਕਰਕੇ ਸ੍ਰੀ ਅਕਾਲ ਤਖਤ ਸਾਹਿਬ ਤੇ ਪੰਜ ਪਿਆਰਿਆ ਦੀ ਅਥਾਰਟੀ ਨੂੰ ਚੁਣੌਤੀ ਨਹੀਂ ਦਿੱਤੀ।

*ਯਾਦ ਰੱਖੋ ਪ੍ਰਬੰਧਕੀ ਪੰਚਾਇਣ ਵਾਲੇ ਅਤੇ ਇਹਨਾਂ ਦੇ ਹਮਾਇਤੀ ਹੁਸ਼ਿਆਰਪੁਰ ਦੇ ਸਿੰਘ ਜੋ ਉਥੋਂ ਦੇ ਸਮਾਗਮ ਦੇ ਪ੍ਰਬੰਧਕ ਸਨ ਇਸ ਇਸ਼ਤਿਹਾਰ ਦੀ ਜ਼ਿੰਮੇਵਾਰੀ ਤੋਂ ਭੱਜ ਨਹੀਂ ਸਕਦੇ ਕਿਉਂਕਿ ਉਹਨਾਂ ਦੇ ਸਮਾਗਮ ਵਿਚ ਇਸ ਇਸ਼ਤਿਹਾਰ ਨੂੰ ਵੰਡਣੋਂ ਰੋਕਿਆ ਨਹੀਂ ਗਿਆ ਅਤੇ ਜੇ ਇਹ ਕਹਿਣ ਸਾਡੀ ਜਾਣਕਾਰੀ ਤੋਂ ਬਗੈਰ ਵੰਡਿਆ ਹੈ (ਜੋ ਕਿ ਅਸੰਭਵ ਹੈ) ਤਾਂ ਵੰਡਣ ਤੋਂ ਬਾਅਦ ਸਟੇਜ ਤੋਂ ਇਸ ਇਸ਼ਤਿਹਾਰ ਦੀ ਤਰਦੀਦ ਨਹੀਂ ਕੀਤੀ ਗਈ।*

ਜੇਕਰ ਪਿਛਲੇ ਸਮੇਂ ਦੌਰਾਨ ਸੰਗਤ ਵਿਚ ਹੋਰ ਸਿੰਘਾਂ ਵੱਲੋਂ ਵੰਡਦੇ ਹੋਏ ਪੈਂਫਲਿਟਾਂ ਨੂੰ ਇਕ ਤੋਂ ਵੱਧ ਵਾਰ ਇਹਨਾਂ ਹੀ ਸੱਜਣਾ ਦੇ ਹਮਾਇਤੀ ਵੱਲੋਂ ਰੋਕਿਆ ਗਿਆ, ਜ਼ਬਤ ਕੀਤਾ ਗਿਆ, ਅਤੇ ਵਰਤਾਰਿਆ ਨੂੰ ਧਮਕੀਆਂ ਦਿੱਤੀਆਂ ਗਈਆ ਇਥੋਂ ਤੱਕ ਕਿ ਗਾਲ੍ਹਾ ਵੀ ਕੱਢੀਆਂ ਗਈਆਂ ਤਾ ਇਹ ਕਿਸੇ ਰੂਪ ਵਿਚ ਵੀ ਸੰਭਵ ਨਹੀਂ ਕਿ ਇਹਨਾਂ ਦੀ ਹਾਜ਼ਰੀ ਵਿਚ ਸੰਗਤ ਵਿਚ ਕੋਈ ਚੀਜ਼ ਵੰਡੀ ਜਾਵੇ ਤੇ ਇਹਨਾਂ ਨੂੰ ਪਤਾ ਨਾ ਹੋਵੇ।

ਸੰਗਤਾਂ ਦੇ ਸਾਹਮਣੇ ਰੱਖਣ ਲਈ ਇਹਨਾਂ ਨਾਲ ਸਬੰਧਤ ਹੋਰ ਵੀ ਕਈ ਮਸਲੇ ਮੌਜੂਦ ਹਨ ਪ੍ਰੰਤੂ ਫਿਲਹਾਲ ਇੱਥੇ ਹੀ ਇਸ ਲੇਖ ਨੂੰ ਸੰਕੋਚਦੇ ਹਾਂ ਅਤੇ ਇਹ ਐਲਾਨ ਕਰਦੇ ਹਾਂ ਕਿ ਇਹ ਅਖੌਤੀ ਪ੍ਰਬੰਧਕੀ ਪੰਚਾਇਣ ਵਾਲੇ ਸੱਜਣ ਇਸ ਇਸ਼ਤਿਹਾਰਬਾਜ਼ੀ ਰਾਹੀਂ ਸੰਗਤਾ ਦੇ ਦਸਵੰਧ ਦਾ ਕੀਮਤੀ ਸਰਮਾਇਆ ਉਜਾੜਨ ਦੀ ਥਾਂ ਪੰਜਾਬ ਵਿਚ ਕਿਸੇ ਵੀ ਥਾਂ ਘੱਟ ਤੋਂ ਘੱਟ ਇਕ ਡੇਢ ਮਹੀਨੇ ਦੇ ਸਮੇਂ ਦੇ ਵਕਫੇ ਨਾਲ ਅਖੰਡ ਕੀਰਤਨੀ ਜੱਥਿਆ ਦੀ ਸੰਗਤ ਨੂੰ ਖੁੱਲਾ ਸੱਦਾ ਦੇ ਕੇ ਇਕੱਠ ਬੁਲਾ ਲੈਣ। ਉਸ ਇਕੱਠ ਵਿਚ ਸੰਗਤਾਂ ਦੇ ਰੂ-ਬਰੂ ਦਾਸਰਿਆਂ ਨਾਲ ਵਿਚਾਰ ਵਟਾਂਦਰਾ ਕਰਕੇ ਆਪਣੇ ਗਿਲੇ ਸ਼ਿਕਵੇ ਦੂਰ ਕਰ ਲੈਣ। ਜੇਕਰ ਇਹ ਲੋਕ, ਇਹ ਕਦਮ ਨਹੀਂ ਉਠਾਉਂਦੇ ਤਾਂ ਜੱਥੇ ਦੀਆ ਮਾਨਯੋਗ ਸਖਸ਼ੀਅਤਾਂ ਭਾਈ ਜੋਗਿੰਦਰ ਸਿੰਘ ਤਲਵਾੜਾ, ਮਾਸਟਰ ਨਰਿੰਜਨ ਸਿੰਘ ਗੁਰਦਾਸਪੁਰ ਭਾਈ ਜੋਧ ਸਿੰਘ (ਦਿੱਲੀ) ਭਾਈ ਗੋਪਾਲ ਸਿੰਘ ਬਟਾਲਾ, ਭਾਈ ਸੂਰਤ ਸਿੰਘ ਪੂਰਨ ਜੀ, ਭਾਈ ਜੀਵਨ ਸਿੰਘ ਜੀ ਅਤੇ ਇਹਨਾਂ ਵਰਗੀਆ ਹੀ ਹੋਰ ਗੁਰਮੁਖੀ ਰੂਹਾਂ ਪ੍ਰਤੀ ਬੇਨਤੀ ਹੈ ਕਿ ਇਕਵਾਰੀ ਅਖੰਡ ਕੀਰਤਨੀ ਜੱਥੇ ਦਾ ਇਕੱਠ ਬੁਲਾ ਕੇ ਇਸ ਮਸਲੇ ਨੂੰ ਹੱਲ ਕਰੋ ਤਾਂ ਕਿ ਸੱਚ ਝੂਠ ਦਾ ਨਿਤਾਰਾ ਹੋ ਸਕੇ ਤੇ ਅਖੰਡ ਕੀਰਤਨੀ ਜੱਥਾ ਮੁੜ ਦਰਵੇਸ਼ਾਂ ਵਾਲੀ ਰਹਿਣੀ ਨੂੰ ਅਪਣਾਉਂਦਾ ਹੋਇਆ ਗੁਰੂ ਪੰਥ ਦੀ ਫੁਲਵਾੜੀ ਵਿਚ ਮਨਮੋਹਕ ਖੁਸ਼ਬੋ ਬਿਖੇਰ ਸਕੇ।

ਬਹੁਤ ਸਾਰੀਆਂ ਸੰਗਤਾਂ ਨੂੰ ਇਹ ਸਾਰੇ ਹਾਲਾਤ ਪੜ ਕੇ ਕਈ ਤਰ੍ਹਾਂ ਦੀਆਂ ਬੇਚੈਨੀਆਂ ਉਪਜੀਆਂ ਹੋਣਗੀਆਂ ਤੇ ਮਨ ਖਰਾਬ ਹੋਏ ਹੋਣਗੇ। ਪ੍ਰੰਤੂ ਹਾਲਾਤ ਦੀ ਮਜ਼ਬੂਰੀ ਵੱਸ ਸੰਗਤਾ ਦੇ ਧਿਆਨ ਗੋਚਰੇ ਇਹ ਗੱਲਾਂ ਜ਼ਰੂਰੀ ਸਨ ਜੋ ਕੀਤੀਆਂ ਗਈਆ ਹਨ। ਸਮੂਹ ਸੰਗਤਾਂ ਪਾਸੋਂ ਭੁੱਲ ਚੁੱਕ ਦੀ ਖਿਮਾ ਅਤੇ ਸੁਮੱਤ ਬਖਸ਼ਣ ਦੀ ਅਰਜੋਈ ਕਰਦੇ ਹਾਂ।

ਦਾਸਰੇ :- ਅਖੰਡ ਕੀਰਤਨੀ ਜੱਥਾ ਲੁਧਿਆਣਾ।


www.AKJ.Org

## ਅਖੰਡ ਕੀਰਤਨੀ ਜੱਥੇ ਦੀਆਂ ਸਮੂਹ ਸੰਗਤਾਂ ਦੇ ਵਿਚਾਰ-ਹਿੱਤ

## ਅਖੰਡ ਕੀਰਤਨੀ ਜੱਥਾ ਬਨਾਮ ਪ੍ਰਬੰਧਕੀ ਪੰਚਾਇਣ

੨੬ ਅਪ੍ਰੈਲ 2001 ਨੂੰ ਭਾਈ ਬਲਬੀਰ ਸਿੰਘ ਜੀ ਦੇ ਨਾਂ ਹੇਠ ਅਖੰਡ ਕੀਰਤਨੀ ਜੱਥੇ ਦੀਆਂ ਸੰਗਤਾਂ ਪ੍ਰਤੀ ਜੋ ਸੰਦੇਸ ਜਾਰੀ ਕੀਤਾ ਗਿਆ ਹੈ ਉਸ ਉਪਰ ਡੂੰਘੀ ਵਿਚਾਰ ਉਪਰੰਤ ਪ੍ਰਤੀਤ ਹੋਇਆ ਕਿ ਇਹ ਸੰਦੇਸ਼ ਗੁਮਰਾਹਕੁਨ ਅਤੇ ਝੂਠਾ ਦਸਤਾਵੇਜ ਹੈ ਜੋ ਕਿ ਆਪਣੇ ਆਪ ਨੂੰ ਆਗੂ ਅਖਵਾਉਣ ਵਾਲੇ ਸਵਾਰਥੀ ਅਤੇ ਖੁਦਗਰਜ਼ ਸੱਜਣਾਂ ਵੱਲੋਂ ਆਪਣੇ ਸੌੜੇ ਹਿਤਾਂ ਵਾਸਤੇ ਸੰਗਤਾਂ ਦੀ ਹਮਾਇਤ ਪ੍ਰਾਪਤ ਕਰਨ ਦਾ ਕੋਝਾ ਯਤਨ ਹੈ। ਇਸ ਸੰਦੇਸ਼ ਅਤੇ ਪ੍ਰਬੰਧਕੀ ਪੰਚਾਇਣ ਦੀ ਅਸਲੀਅਤ ਸਬੰਧੀ ਕੁਝ ਵਿਚਾਰ ਸੰਗਤਾਂ ਦੇ ਦ੍ਰਿਸਟੀ ਗੋਚਰ ਹਨ।

1. ਭਾਈ ਬਲਬੀਰ ਸਿੰਘ ਜੀ ਸੰਦੇਸ਼ ਵਾਲੀ ਮਿਤੀ ਤੋਂ ਕਈ ਦਿਨ ਪਹਿਲਾਂ ਤੋਂ ਅਚੇਤ ਅਵਸਥਾ ਵਿਚ ਸਨ। ਉਸ ਅਚੇਤ ਅਵਸਥਾ ਵਿਚ ਉਹ ਠੀਕ ਬੋਲਣ, ਠੀਕ ਸੁਣਣ ਅਤੇ ਪਛਾਨਣ ਦੀ ਅਵਸਥਾ ਵਿਚ ਨਹੀਂ ਸਨ ਫਿਰ ਉਹਨਾਂ ਨੇ ਅਚੇਤ ਅਵਸਥਾ ਵਿਚ ਇਹ ਸੰਦੇਸ ਕਿਵੇਂ ਦਿੱਤਾ। ਸਪੱਸਟ ਹੁੰਦਾ ਹੈ ਕਿ ਸਵਾਰਥੀ ਹਿੱਤਾਂ ਵੱਲੋਂ ਉਨ੍ਹਾਂ ਦਾ ਨਾਂ ਲੈ ਕੇ ਝੂਠ ਬੋਲਿਆ ਗਿਆ ਹੈ।

੨. ਭਾਈ ਬਲਬੀਰ ਸਿੰਘ ਜੀ ਨੇ ਜਿਹੜੀ ਪੰਚਾਇਣ ਬਣਾਈ ਸੀ ਉਹ ਬਨਣ ਸਮੇਂ ਹੀ ਟੁੱਟ ਗਈ ਸੀ ਕਿਉਂ ਜੋ ਪੰਚਾਇਣ ਦੇ ਇਕ ਪ੍ਰਮੁੱਖ ਮੈਂਬਰ ਭਾਈ ਜੋਗਿੰਦਰ ਸਿੰਘ ਤਲਵਾੜਾ ਨੇ ਬਨਣ ਸਮੇਂ ਹੀ ਇਸ ਤੋਂ ਵੱਖ ਹੋਣ ਦਾ ਐਲਾਨ ਕਰ ਦਿੱਤਾ ਸੀ।

3. ਉਸ ਤੋਂ ਬਾਅਦ ਜੋ ਪੰਚਾਇਣ ਜਾ ਪੰਚਾਇਣਾ ਬਣੀਆ ਉਹ ਜੱਥੇ ਦੇ ਕੁਝ ਖੁਦਗਰਜ ਅਤੇ ਸਵਾਰਥੀ ਸੱਜਣਾਂ ਵੱਲੋਂ ਆਪਣੇ ਜੀ ਹਜੂਰੀਆਂ ਨੂੰ ਲੈ ਕੇ ਆਪੂੰ ਬਣੀਆ ਜਾ ਕਾਇਮ ਕੀਤੀਆ ਜਿਸਦਾ ਮਕਸਦ ਕੋਈ ਜੱਥੇ ਦੀ ਭਲਾਈ ਨਹੀਂ ਬਲਕਿ ਆਪਣੇ ਸੌੜੇ ਹਿਤਾਂ ਦੀ ਪੂਰਤੀ ਅਤੇ ਅਖੰਡ ਕੀਰਤਨੀ ਜੱਥੇ ਦੀਆਂ ਸ਼ਾਨਦਾਰ ਰਵਾਇਤਾਂ ਨੂੰ ਵਿਗਾੜਨਾ ਹੀ ਰਿਹਾ ਹੈ।

4. ਕਹਿਣ ਨੂੰ ਤਾਂ ਇਹ ਅਖੌਤੀ ਪ੍ਰਬੰਧਕੀ ਪੰਚਾਇਣ ਵਾਲੇ ਆਪਣੇ ਆਪ ਨੂੰ ਪੁਰਾਤਨ ਸਿੰਘਾਂ ਦਾ ਇਕੱਠ ਦਸਦੇ ਹਨ ਪ੍ਰੰਤੂ ਇਹ ਆਪਣੇ ਜੀਵਨ ਅਤੇ ਕਰਣੀਆਂ ਦੁਆਰਾ ਪੁਰਾਤਨ ਗੁਰਸਿੱਖਾ ਵਾਲੀ ਜਿਹੜੀ ਖੁਸ਼ਬੂ ਬਿਖੇਰ ਰਹੇ ਹਨ ਉਸ ਤੋਂ ਸਰਬੱਤ ਸੰਗਤਾਂ ਭਲੀ ਪ੍ਰਕਾਰ ਵਾਕਫ਼ ਹਨ।

5. ਰਹਿਤ ਬਹਿਤ ਪੱਖੋਂ ਜੱਥੇ ਦੀਆ• ਵਿਲੱਖਣਤਾਵਾਂ ਜਿਹਨਾਂ ਕਰਕੇ ਜੱਥੇ ਦੇ ਮੋਢੀ ਭਾ: ਸਾ: ਭਾ: ਰਣਧੀਰ ਸਿੰਘ ਜੀ ਨੂੰ ਸਾਰੀ ਆਯੂ ਅਨਿਕ ਪ੍ਰਕਾਰ ਕਸ਼ਟ ਸਹਿਣੇ ਪਏ, ਤੋਂ ਇਹ ਆਪਣੇ ਆਪ ਨੂੰ ਬਜੁਰਗ ਅਖਵਾਉਣ ਵਾਲੇ ਸਿੰਘ ਆਪ ਆਕੀ ਹਨ ਪ੍ਰੰਤੂ ਜੱਥੇ ਦੇ ਹੋਰ ਪੁਰਾਤਨ, ਰਹਿਤ ਰਹਿਣੀ ਵਿਚ ਪ੍ਰਪੱਕ, ਜੀਵਨ ਦੇ ਆਖਰੀ ਦੌਰ ਵਿਚ ਵਿਚਰ ਰਹੇ ਬਜੁਰਗ ਸਿੰਘਾਂ ਦੀ ਪੱਗ ਰੋਲਣ ਵਿਚ ਕੋਈ ਕਸਰ ਬਾਕੀ ਨਹੀਂ ਰਹਿਣ ਦੇਣੀ ਚਾਹੁੰਦੇ। ਕੀ ਇਹ ਗੁਰਮੁਖਤਾਈ ਹੈ ?

6. ਨਾਮ-ਅਭਿਆਸੀਆਂ ਦੇ ਸਮੂਹ 'ਅਖੰਡ ਕੀਰਤਨੀ ਜੱਥਾ' ਦੇ ਆਪਣੇ ਆਪ ਨੂੰ ਪੁਰਾਤਨ ਅਤੇ ਆਗੂ ਅਖਵਾਉਣ ਵਾਲੇ ਚੌਧਰਾਂ ਦੇ ਭੁੱਖੇ ਇਹਨਾ ਸੱਜਣਾ ਦੇ ਕੁਝ ਕਾਰਨਾਮੇ (ਜੋ ਕਿ ਖੁੱਲੇਆਮ ਨਸ਼ਰ ਕਰਨੇ ਸੰਭਵ ਨਹੀਂ) ਸੰਗਤਾਂ ਆਪਣੀ ਨਿਰਪੱਖ ਦ੍ਰਿਸਟੀ ਨਾਲ ਵਾਚਣ ਤਾਂ ਇਹਨਾ ਦੇ ਸਿੱਖੀ ਅਤੇ ਸਿਖ ਕਾਜ ਪ੍ਰਤੀ ਕਿਰਦਾਰ ਵੇਖ ਕੇ ਦੰਗ ਰਹਿ ਜਾਵਣ।

7. ਕਿਹਾ ਜਾਂਦਾ ਹੈ ਕਿ ਪੁਰਾਣੇ ਜਥੇਦਾਰੀ ਸਿਸਟਮ ਦੀਆ ਖਾਮੀਆ ਦੂਰ ਕਰਨ ਲਈ ਇਹ ਪੰਚ ਪ੍ਰਧਾਨੀ ਸਿਸਟਮ ਅਪਣਾਇਆ ਗਿਆ ਪ੍ਰੰਤੂ ਕੀ ਇਹ ਪ੍ਰਬੰਧਕੀ ਪੰਚਾਇਣ ਬਣਾਉਣ ਵਾਲੇ ਸੱਜਣ ਇਹ ਦੱਸ ਸਕਦੇ ਹਨ ਕਿ ਇਹ ਸਿਸਟਮ ਬਦਲਣ ਦੀ ਪ੍ਰਵਾਨਗੀ ਕਿਸ ਥਾਂ ਤੇ ਸੰਗਤ ਕੋਲੋਂ ਲਈ ਗਈ। ਕਿਸ ਕਿਸ ਥਾਂ ਦੀਆਂ ਸੰਗਤਾਂ ਨੇ ਆਪੋ ਆਪਣੇ ਪ੍ਰਤੀਨਿਧ ਚੁਣ ਕੇ ਇਸ ਪ੍ਰਬੰਧਕੀ ਪੰਚਾਇਣ ਦੇ ਮੈਂਬਰ ਵਜੋਂ ਭੇਜੇ? ਇਸ ਪੰਚਾਇਣ ਨੇ ਅੱਜ ਤੱਕ ਜਥੇ ਦੀ ਬਿਹਤਰੀ ਲਈ ਕੀ ਕੀਤਾ? ਕੀ ਸਵਾਰਿਆ? ਪੰਥਕ ਪਲੇਟਫਾਰਮ ਤੇ ਪੰਥਕ ਮੁੱਦਿਆ ਪ੍ਰਤੀ ਜਥੇ ਦਾ ਕੀ ਪੱਖ ਪੇਸ਼ ਕੀਤਾ? ਜੱਥੇ ਦੇ ਪੱਖ ਸਬੰਧੀ ਕੀ ਹਮਾਇਤ ਜੁਟਾਈ? ਕੀ ਪ੍ਰਾਪਤੀ ਹੋਈ?

8. ਇਸ ਪ੍ਰਬੰਧਕੀ ਪੰਚਾਇਣ ਦੇ ਪੰਜੇ ਮੈਂਬਰ ਜਰਾ ਦਿਲ ਤੇ ਹੱਥ ਰਖ ਕੇ ਸੋਚਣ ਅਤੇ ਦੱਸਣ ਕਿ ਕੀ ਪੰਚਾਇਣ ਦੇ ਨਾਂ ਹੇਠ ਜੋ ਵੀ ਕਾਰਵਾਈਆਂ ਕੀਤੀਆ ਗਈਆ ਅਤੇ ਕੀਤੀਆਂ ਜਾ ਰਹੀਆਂ ਹਨ ਉਹਨਾ ਵਿਚ ਇਹਨਾ ਪੰਜਾਂ ਮੈਂਬਰਾਂ ਦੀ ਸਲਾਹ ਅਤੇ ਸਹਿਮਤੀ ਸ਼ਾਮਲ ਹੈ। ਕੀ ਪੰਚਾਇਣ ਦੇ ਨਾਂ ਹੇਠ ਵੀ ਪੰਚਾਇਣ ਅਤੇ ਪੰਚਾਇਣ ਤੋਂ ਬਾਹਰਲੇ ਇਕ ਜਾਂ ਦੋ ਵਿਅਕਤੀਆਂ ਦੀ ਡਿਕਟੇਟਰਸ਼ਿਪ ਨਹੀਂ ਚੱਲ ਰਹੀ।



www.AKJ.Org

੭. ਪਹਿਲਾ ਸਿਸਟਮ ਭਾਵੇਂ ਕਿਹੋ ਜਿਹਾ ਵੀ ਸੀ ਪ੍ਰੰਤੂ ਆਮ ਸੰਗਤਾਂ ਵਿਚ ਉਹਨਾਂ ਦੀਆਂ ਕਮੀਆਂ ਦਾ ਕੋਈ ਖਾਸ ਅਸਰ ਨਹੀਂ ਸੀ। ਕੀਰਤਨ ਸਮਾਗਮਾਂ ਦੇ ਆਨੰਦਾ ਵਿਚ ਉਸਦਾ ਕੋਈ ਭੈੜਾ ਪ੍ਰਭਾਵ ਨਹੀਂ ਸੀ। ਸਾਰੀਆਂ ਸੰਗਤਾਂ, ਪ੍ਰੇਮ ਪਿਆਰ ਨਾਲ ਜੁੜਦੀਆਂ, ਅਖੰਡ ਕੀਰਤਨ ਦੇ ਪ੍ਰੇਮ ਅਖਾੜੇ ਰਚਾਉਂਦੇ ਅਤੇ ਚੜ੍ਹਦੀਆਂ ਕਲਾਂ ਵਿਚ ਨਾਮ ਬਾਣੀ ਦੇ ਲਾਹੇ ਭੁੰਚਦੇ ਭੁੰਚਾਉਂਦੇ ਰੁਖਸਤ ਹੁੰਦੇ ਸਨ। ਪ੍ਰੰਤੂ ਇਸ ਪ੍ਰਬੰਧਕੀ ਪੰਚਾਇਣ ਦੇ ਹੋਂਦ ਵਿਚ ਆਉਣ ਤੋਂ ਬਾਅਦ, ਜੋ ਸੰਗਤਾਂ ਵਿਚ ਦੁਫੇੜ ਪੈਦਾ ਕੀਤੀ ਗਈ। ਕੀਰਤਨ ਸਮਾਗਮਾਂ ਤੇ ਕਬਜ਼ਾ ਜਮਾਉਣ ਦੀ ਰੀਤ ਤੋਰ ਕੇ ਸਥਾਨਿਕ ਸੰਗਤਾਂ ਵਿਚ ਵੈਰ ਵਿਰੋਧ ਪੈਦਾ ਕੀਤਾ ਗਿਆ। ਸੰਗਤਾਂ ਵਿਚ ਆਪਸੀ ਪ੍ਰੇਮ ਪਿਆਰ ਦੀ ਖਿੱਚ ਨੂੰ ਖੋਰਾ ਲੱਗਿਆ ਅਤੇ ਕੀਰਤਨ ਸਮਾਗਮਾਂ ਦੇ ਹੁਲਾਰਿਆਂ ਨੂੰ ਜੋ ਨੁਕਸਾਨ ਪਹੁੰਚਿਆ ਹੈ ਉਸ ਤੋਂ ਸਮੂਹ ਸੰਗਤਾਂ ਭਲੀ ਪ੍ਰਕਾਰ ਵਾਕਫ ਹਨ। ਫਿਰ ਜਿਸ ਸਿਸਟਮ ਦੇ ਅਪਣਾਉਣ ਨਾਲ ਸਾਡਾ ਮੂਲ ਨਿਸ਼ਾਨਾ ਖੁੰਝਦਾ ਹੋਵੇ ਅਸਾਡੀ ਸੁਰਤੀ-ਬਿਰਤੀ, ਕੀਰਤਨ, ਭਗਤੀ ਆਦਿ ਦੇ ਰਸ ਨੂੰ ਨੁਕਸਾਨ ਪੁੱਜੇ ਉਸ ਸਿਸਟਮ ਤੋਂ ਅਸੀਂ ਕੀ ਲੈਣਾ ਹੈ। ਉਸਨੂੰ ਜਲਦੀ ਤੋਂ ਜਲਦੀ ਨਕਾਰ ਦੇਣਾ ਹੀ ਚੰਗਾ ਹੈ।

10. ਜਿਸ ਵੇਲੇ ਭਾਈ ਬਲਬੀਰ ਸਿੰਘ ਜੀ ਨੇ ਪ੍ਰਬੰਧਕੀ ਪੰਚਾਇਣ ਬਣਾਈ ਸੀ ਉਸ ਵੇਲੇ ਕੀਤੇ ਐਲਾਨਾਂ ਵਿਚੋਂ ਦੋ ਗੱਲਾਂ ਬਹੁਤ ਮਹੱਤਵਪੂਰਨ ਸਨ। ਪਹਿਲੀ, ਜਥੇਦਾਰ ਸਾਹਿਬ ਭਾਈ ਰਾਮ ਸਿੰਘ ਜੀ ਆਪਣੀ ਸਾਰੀ ਉਮਰ ਤੱਕ ਅਖੰਡ ਕੀਰਤਨੀ ਜੱਥੇ ਦੇ ਜੱਥੇਦਾਰ ਵਜੋਂ ਸੇਵਾਂ ਨਿਭਾਉਂਦੇ ਰਹਿਣਗੇ। (ਇਹੀ ਗੱਲ ਹੁਕਮ ਰੂਪ ਵਿਚ ਪੰਚਾਂ ਦੇ ਸਮਾਗਮ ਵਿਚ ਪੰਚਾਂ ਵਲੋਂ ਭਾਈ ਰਾਮ ਸਿੰਘ ਜੀ ਨੂੰ ਕਹੀ ਗਈ ਸੀ ਤੇ ਉਸ ਸਮਾਗਮ ਸਮੇਂ ਪੰਚਾਂ ਵਿਚ ਇਸ ਪ੍ਰਬੰਧਕੀ ਪੰਚਾਇਣ ਦੇ ਕੁਝ ਮੈਂਬਰ ਵੀ ਸ਼ਾਮਲ ਸਨ) ਅਤੇ ਦੂਸਰੀ ਗੱਲ ਇਹ ਕਿ ਪੰਚਾਇਣ ਮੈਂਬਰਾਂ ਦੀ ਹੈਸੀਅਤ ਪੰਜ ਪਿਆਰਿਆਂ ਵਾਲੀ ਨਹੀਂ ਹੋਵੇਗੀ। ਪਰ ਕਿੱਡੇ ਅਫਸੋਸ ਦੀ ਗੱਲ ਹੈ ਕਿ ਇਹਨਾ ਪੰਚਾਇਣ ਮੈਂਬਰਾਂ ਵੱਲੋਂ ਜਥੇਦਾਰ ਸਾਹਿਬ ਨੂੰ ਬੇਇਜ਼ਤ ਕਰਨ ਦੀ ਖਾਤਰ ਬਾਰ ਬਾਰ ਪੰਜ ਪਿਆਰਿਆਂ ਵਾਲੀ ਹੈਸੀਅਤ ਵਰਤੀ ਗਈ।

11. ਸੰਨ ੨੦੦੦-੨੦੦1 ਦੇ ਲੁਧਿਆਣਾ ਦੇ ਸਮਾਗਮ ਸਮੇਂ ਅਖੰਡ ਕੀਰਤਨੀ ਜੱਥਾ ਲੁਧਿਆਣਾ ਵੱਲੋਂ ਸੰਗਤਾਂ ਦੀ ਦੁਬਿਧਾ ਨੂੰ ਕਿਸੇ ਹੱਦ ਤੱਕ ਦੂਰ ਕਰਨ ਦੀ ਖਾਤਰ (ਪੰਚਾਇਣ ਮੈਂਬਰਾਂ ਵੱਲੋਂ ਦਿੱਤੇ ਜ਼ਖਮਾਂ ਨੂੰ ਪਾਸੇ ਰੱਖਦੇ ਹੋਏ) ਏਕਤਾ ਯਤਨ ਅਰੰਭਿਆ ਗਿਆ ਤੇ ਫੈਸਲੇ ਵਾਸਤੇ 31-1੨-੨੦੦੦ ਨੂੰ ਲੁਧਿਆਣਾ ਵਿਖੇ ਮੀਟਿੰਗ ਕੀਤੀ ਗਈ ਇਸ ਮੀਟਿੰਗ ਵਿਚ ਪ੍ਰਬੰਧਕੀ ਪੰਚਾਇਣ ਦੇ ਚਾਰ ਮੈਂਬਰ ਅਤੇ ਪ੍ਰਬੰਧਕੀ ਪੰਚਾਇਣ ਹਮਾਇਤੀ, ਜਥੇ ਵਿਚ ਪ੍ਰਮੁੱਖ ਸਥਾਨ ਰੱਖਣ ਵਾਲੇ ਸੱਜਣ ਵੀ ਮੌਜੂਦ ਸਨ। ਇਹਨਾਂ ਸਾਰਿਆਂ ਦੀ ਸਹਿਮਤੀ ਨਾਲ ਇਕ ਸਮਝੌਤਾ ਕੀਤਾ ਗਿਆ ਜਿਸ ਵਿਚ ਪੰਜ ਮੈਂਬਰਾ ਦੀ ਕਮੇਟੀ ਦਾ ਨਾਂ 'ਪ੍ਰਬੰਧਕੀ ਪੰਚਾਇਣ' ਨੂੰ ਖਤਮ ਕਰਨਾ ਅਤੇ ਇਸ ਕਮੇਟੀ ਵਿਚ ਜਥੇਦਾਰ ਭਾਈ ਰਾਮ ਸਿੰਘ ਜੀ ਨੂੰ ਸ਼ਾਮਲ ਕਰਨ ਦਾ ਫੈਸਲਾ ਕੀਤਾ ਗਿਆ। ਸਾਰੇ ਸ਼ਹਿਰਾਂ ਦੇ ਕੀਰਤਨ ਸਮਾਗਮਾਂ ਦਾ ਪ੍ਰਬੰਧ ਬਗੈਰ ਕਿਸੇ ਦਖਲ ਅੰਦਾਜ਼ੀ ਦੇ ਉਥੋਂ ਦੀਆਂ ਸਥਾਨਕ ਸੰਗਤਾਂ ਵੱਲੋਂ ਅਤੇ ਇਸ਼ਤਿਹਾਰਾਂ ਥੱਲੇ ਵੀ ਸਥਾਨਕ ਅਖੰਡ ਕੀਰਤਨੀ ਜੱਥਾ ਜਾਂ ਗੁਰਦੁਵਾਰਾ ਪ੍ਰਬੰਧਕ ਕਮੇਟੀ ਤੋਂ ਇਲਾਵਾ ਹੋਰ ਕੋਈ ਨਾਮ ਨਾ ਲਿਖਣ ਦਾ ਫੈਸਲਾ ਕੀਤਾ ਗਿਆ। ਇਸ ਸਮਝੌਤੇ ਪ੍ਰਤੀ ਭਾਈ ਬਲਬੀਰ ਸਿੰਘ ਜੀ ਨੇ ਵੀ ਸਹਿਮਤੀ ਦਿੱਤੀ। ਪਰ ਬੜੇ ਅਫਸੋਸ ਦੀ ਗੱਲ ਹੈ ਕਿ ਲਗਭਗ ਸਾਢੇ ਚਾਰ ਮਹੀਨੇ ਬੀਤ ਗਏ ਹਨ ਅਤੇ ਇਸ 'ਪ੍ਰਬੰਧਕੀ ਪੰਚਾਇਣ ਵੱਲੋਂ ਅੱਜ ਤੱਕ ਜਥੇਦਾਰ ਭਾਈ ਰਾਮ ਸਿੰਘ ਜੀ ਨੂੰ ਪੰਜ ਮੈਂਬਰੀ ਕਮੇਟੀ ਵਿਚ ਸਾਮਲ ਹੋਣ ਵਾਸਤੇ ਸਹਿਮਤ ਕਰਨ ਦਾ ਕੋਈ ਸੁਹਿਰਦ ਯਤਨ ਨਹੀਂ ਕੀਤਾ ਗਿਆ ਤੇ ਉਲਟਾ ਹੁਣ ਸਮਝੌਤੇ ਦੀ ਉਲੰਘਣਾ ਕਰਦੇ ਹੋਏ ਹੁਸ਼ਿਆਰਪੁਰ ਦੇ ਸਮਾਗਮ ਦੇ ਇਸ਼ਤਿਹਾਰਾਂ ਥੱਲੇ 'ਪ੍ਰਬੰਧਕੀ ਪੰਚਾਇਣ' ਲਿਖ ਕੇ ਸਮਝੌਤੇ ਤੋਂ ਮੁਕਰਿਆ ਗਿਆ ਹੈ। ਅਤੇ ਭਾਈ ਬਲਬੀਰ ਸਿੰਘ ਜੀ ਦੇ ਭੋਗ ਸਮੇਂ ਬਿਨਾ ਲੋੜ ਤੋਂ ਬਾਰ-ਬਾਰ ਪ੍ਰਬੰਧਕੀ ਪੰਚਾਇਣ ਦਾ ਨਾਂ ਲੈ ਕੇ ਸੰਗਤਾਂ ਵਿਚ ਫਿਰ ਦੁਬਿਧਾ ਖੜੀ ਕਰਨ ਦਾ ਯਤਨ ਕੀਤਾ ਗਿਆ ਹੈ।

1੨. ਹੁਣ ਜਦ ਅੰਮ੍ਰਿਤਸਰ ਦੀ ਸੰਗਤ ਵੱਲੋਂ ਵੈਸਾਖੀ ਸਮਾਗਮ ਸਮੇਂ ਛੇ ਮੈਂਬਰੀ ਲੋਕਲ ਕਮੇਟੀ ਬਣਾ ਕੇ ਆਮ ਸੰਗਤਾਂ ਵਿਚਲੀ ਦੁਬਿਧਾ ਨੂੰ ਕੁਝ ਦੂਰ ਕਰਦੇ ਹੋਏ ਕੀਰਤਨ ਸਮਾਗਮ ਵਿਚ ਪੁਰਾਤਨ ਰੰਗ ਭਰਨ ਦਾ ਪ੍ਰਸੰਸਾਯੋਗ ਉਪਰਾਲਾ ਕੀਤਾ ਗਿਆ ਅਤੇ ਸੰਗਤਾਂ ਦੇ ਉਤਸ਼ਾਹ ਨੂੰ ਵੇਖਦੇ ਹੋਏ ਸਾਰੇ ਸ਼ਹਿਰਾਂ ਵਿਚ ਉਥੋਂ ਦੇ ਪ੍ਰਬੰਧ ਲਈ ਸਥਾਨਕ ਸੰਗਤਾਂ ਦੀ ਪ੍ਰਵਾਨਗੀ ਨਾਲ 'ਛੇ ਮੈਂਬਰੀ ਲੋਕਲ ਕਮੇਟੀਆਂ' ਚੁਣਨ ਅਤੇ ਫਿਰ ਸੈਂਟਰਲ ਬਾਡੀ ਦੀ ਲੋੜ ਪੈਣ ਤੇ ਇਹਨਾ ਲੋਕਲ ਕਮੇਟੀਆਂ ਦੇ ਪ੍ਰਤੀਨਿਧਾਂ ਵਿਚੋਂ 'ਕੇਂਦਰੀ ਛੇ ਮੈਂਬਰੀ ਕਮੇਟੀ' ਬਣਾਉਣ ਦੇ ਉਪਰਾਲੇ ਅਰੰਭਣ ਦਾ ਫੈਸਲਾ ਸੰਗਤਾਂ ਨੇ ਕੀਤਾ ਹੈ ਤਾਂ ਆਪਣੇ ਸੌੜੇ ਸਵਾਰਥੀ ਹਿੱਤਾਂ ਨੂੰ ਨੁਕਸਾਨ ਪੁੱਜਦਾ ਦੇਖ ਕੇ ਇਹਨਾਂ ਖੁਦਗਰਜ਼


www.AKJ.Org

ਸੱਜਣਾਂ ਨੇ ਹੁਣ ਭਾਈ ਬਲਬੀਰ ਸਿੰਘ ਜੀ ਦਾ ਨਾਮ ਵਰਤ ਕੇ ਇਹ ਝੂਠਾ ਅਤੇ ਗੁੰਮਰਾਹਕੁਨ ਸੰਦੇਸ਼ ਜਾਰੀ ਕੀਤਾ ਹੈ। ਸਮੂਹ ਸੰਗਤਾਂ ਨੂੰ ਜੱਥੇ ਦੀ ਬਿਹਤਰੀ, ਵਾਸਤੇ ਇਸ ਤਰਾਂ ਦੇ ਭੁਲੇਖਾ ਪਾਊ ਪ੍ਰਚਾਰ ਤੋਂ ਸਾਵਧਾਨ ਰਹਿਣ ਦੀ ਲੋੜ ਹੈ।

*ਸਮੂਹ ਸ਼ਹਿਰਾਂ ਦੀਆਂ ਸੰਗਤਾਂ ਪ੍ਰਤੀ ਬੇਨਤੀ ਹੈ ਕਿ ਆਪੋ ਆਪਣੇ ਸ਼ਹਿਰਾਂ ਵਿਚ ਛੇ ਮੈਂਬਰੀ ਕਮੇਟੀਆਂ ਚੁਣ ਕੇ ਆਪੋ ਆਪਣੇ ਸ਼ਹਿਰਾਂ ਦੇ ਕੇਂਦਰੀ ਅਤੇ ਲੋਕਲ ਸਮਾਗਮਾਂ ਦਾ ਪ੍ਰਬੰਧ ਆਪੋ ਆਪਣੇ ਤੌਰ ਤੇ ਕੀਤਾ ਜਾਵੇ। ਤਾਂ ਕਿ ਜੱਥੇ ਦੀ ਹਾਈ ਕਮਾਂਡ ਦੇ ਮਸਲੇ ਉਤੇ ਪੈਦਾ ਹੋਈਆਂ ਧੜੇਬਾਜ਼ੀਆਂ ਤੋਂ ਕੀਰਤਨ ਸਮਾਗਮਾਂ ਨੂੰ ਨਿਰਲੇਪ ਰੱਖ ਕੇ ਸਮੂਹ ਸੰਗਤਾਂ ਕੀਰਤਨ ਸਮਾਗਮਾਂ ਦੇ ਲਾਹੇ ਪੁਰਾਤਨ ਰੰਗਾਂ ਵਿਚ ਭੁੰਚ ਸਕਣ।*

ਦਾਸਰੇ :- ਅਖੰਡ ਕੀਰਤਨੀ ਜੱਥਾ ਲੁਧਿਆਣਾ

## ਰਿਸ਼ਤੇ ਨਾਤੇ

ਨੋਟ :–1. ਕੇਵਲ ਅੰਮ੍ਰਿਤਧਾਰੀ ਅਤੇ ਸ਼ਾਕਾਹਾਰੀ ਬੱਚਿਆ ਲਈ ਹੀ ਛਪਵਾਓ ਅਤੇ ਚਿੱਠੀ ਪੱਤਰ ਕਰੋ ਜੀ। ੨. ਕੇਵਲ ਕੇਸਕੀਧਾਰੀ ਬੀਬੀਆਂ ਵਾਸਤੇ ਹੀ ਛਪਵਾਓ ਅਤੇ ਚਿੱਠੀ ਪੱਤਰ ਕਰੋ। 3. ਇਸ਼ਤਿਹਾਰ ਛਪਵਾਉਣ ਲਈ ਬੱਚਿਆਂ ਅਤੇ ਆਪਣੇ ਬਾਰੇ ਪੂਰਾ ਵੇਰਵਾ ਸਪੱਸ਼ਟ ਲਿਖ ਕੇ ਸੂਰਾ ਦਫ਼ਤਰ ਭੇਜੋ ਜੀ। 4. ਛਪੇ ਇਸ਼ਤਿਹਾਰ ਦੇ ਜਵਾਬੀ ਪੱਤਰ ਨਾਲ ਇਕ 3 ਰੁ. ਦੀ ਟਿਕਟ ਲੱਗਿਆ ਬਗੈਰ ਕਿਸੇ ਐਡਰੈਸ ਤੋਂ Envelopoe ਨਾਲ ਭੇਜੋ ਜੀ।

LD-365 31 ਸਾਲਾ ਕੱਦ 5'9" ਮਿਡਲ ਪਾਸ ਆਪਣਾ ਕਾਰੋਬਾਰ ਲਗਭਗ 7000 ਰੁਪਏ ਪ੍ਰਤੀ ਮਹੀਨਾ ਆਮਦਨ ਵਾਲੇ ਸਿੰਘ ਲਈ ਸਰਬਲੋਹ ਬਿਬੇਕ ਦੇ ਪਹਿਰੇ ਦੀ ਧਾਰਨੀ ਯੋਗ ਬੀਬੀ ਦੀ ਲੋੜ ਹੈ।

LD-366 30 ਸਾਲਾ, ਕੱਦ 5'5", ਮੈਟ੍ਰਿਕ ਪਾਸ ਆਪਣੀ ਕਨਫੈਕਸ਼ਨਰੀ ਦੀ ਦੁਕਾਨ ਚੰਗੀ ਆਮਦਨ ਵਾਲੇ ਸਿੰਘ ਲਈ ਯੋਗ ਬੀਬੀ ਦੀ ਲੋੜ ਹੈ।

LD-367 32 ਸਾਲਾ ਕੱਦ 5', ਕਾਰ ਮਕੈਨਿਕ ਆਪਣਾ ਗੈਰਾਜ ਚੰਗੀ ਆਮਦਨ ਵਾਲੇ ਸਿੰਘ ਲਈ ਯੋਗ ਬੀਬੀ ਦੀ ਲੋੜ ਹੈ।

LD-368 Foreign settled employed girl is required for a boy aged 27, Height 5'8" Engg: Degree Holder working as a production engineer in a reputed firm. Boy belongs to a noble an well educated family. Father serving as a Ist class gazetted officer in a govt. Institution.

LD-369 24 ਸਾਲਾ ਕੱਦ 5'4" +੨ ਪਾਸ ਚੰਗੀ ਕੰਪਨੀ ਵਿਚ 3500 ਰੁਪਏ ਮਾਸਿਕ ਦੀ ਪੱਕੀ ਨੌਕਰੀ ਕਰ ਰਹੇ ਸਿੰਘ ਲਈ ਯੋਗ ਬੀਬੀ ਦੀ ਲੋੜ ਹੈ।

LD-370 ੨5 ਸਾਲਾ, ਕੱਦ 5'4", ਮੈਟ੍ਰਿਕ ਪਾਸ ਆਪਣਾ ਕਾਰੋਬਾਰ ਆਪਣੀ ਜਾਇਦਾਦ ਦੇ ਮਾਲਕ 8,000 ਰੁਪਏ ਮਾਸਿਕ ਆਮਦਨ ਵਾਲੇ ਸਿੰਘ ਲਈ ਯੋਗ ਬੀਬੀ ਦੀ ਲੋੜ ਹੈਂ

LD-371 24 ਸਾਲਾ ਕੱਦ 5' ਤਿੰਨ ਸਾਲਾ ਸਟਾਫ਼ ਨਰਸ ਦਾ ਕੋਰਸ ਪਾਸ ਬੀਬੀ ਲਈ ਯੋਗ ਵਰ ਦੀ ਲੋੜ ਹੈ।

LD-372 24 ਸਾਲਾ ਕੱਦ 4'11" B.A. ਅਤੇ ਕੰਪਿਊਟਰ ਕੋਰਸ ਪਾਸ ਬੀਬੀ ਲਈ ਯੋਗ ਵਰ ਦੀ ਲੋੜ ਹੈ

LD-373 ੨4 ਸਾਲਾ ਕੱਦ 5' B.A. ਪਾਸ ਬੀਬੀ ਲਈ ਯੋਗ ਵਰ ਦੀ ਲੋੜ ਹੈ।

LD-374 25 ਸਾਲਾ ਕੱਦ 5'7" B.A. IInd ਪਾਸ ਹਿੰਦੂ ਪਰਿਵਾਰ ਵਿਚੋਂ ਇੱਕਲਾ ਸਿੱਖ ਆਪਣੀ ਕਰਿਆਨੇ ਦੀ ਦੁਕਾਨ 10 ਤੋਂ 1੨ ਹਜ਼ਾਰ ਪ੍ਰਤੀ ਮਹੀਨਾ ਆਮਨ ਵਾਲੇ ਸਿੰਘ ਲਈ ਯੋਗ ਬੀਬੀ ਦੀ ਲੋੜ ਹੈ

LD-375 ੨7 ਸਾਲਾ ਕੱਦ 5'8" B.D.S. (Dentist) ਪਾਸ ਦੰਦਾਂ ਦਾ ਡਾਕਟਰ ਕੀਰਤਨੀਆਂ ਅਤੇ ਤਬਲਾ ਵਾਦਕ ਸਿੰਘ ਲਈ ਅਮਰੀਕਨ ਜਾ ਕੈਨੇਡੀਅਨ ਨਾਗਰਿਕ ਬੀਬੀ ਦੀ ਲੋੜ ਹੈ।

LD-376 30 ਸਾਲਾ ਕੱਦ 5'4" ਕੈਨੇਡਾ ਨਿਵਾਸੀ ਕੰਪਿਊਟਰ ਕੋਰਸ ਪਾਸ ਕੰਪਿਊਟਰ ਫਰਮ ਵਿਚ ਕੰਮ ਕਰ ਰਹੇ ਲੜਕੇ ਲਈ ਯੋਗ ਬੀਬੀ ਦੀ ਲੋੜ ਹੈ। ਵਿਆਹ ਬਗੈਰ ਲੈਣ ਦੇਣ ਤੋਂ।

LD-377 3੨ ਸਾਲਾ ਕੱਦ 5'੨" ਆਪਣੀ ਕਿਤਾਬਾਂ ਅਤੇ ਸਟੇਸ਼ਨਰੀ ਦੀ ਦੁਕਾਨ ਕਰ ਰਹੀ ਚੰਗੀ ਆਮਦਨ ਵਾਲੇ ਸਿੰਘ ਲਈ ਬੀਬੀ ਦੀ ਲੋੜ ਹੈ।

LD-378 ੨6 ਸਾਲਾ ਕੱਦ 6' ਖੇਤੀ ਬਾੜੀ ਕਰਦੇ ਆਪਣੀ ਜਮੀਨ ਦੇ ਮਾਲਕ ਸਿੰਘ ਲਈ ਯੋਗ ਬੀਬੀ ਦੀ ਲੋੜ ਹੈ। ਦੁਨਿਆਵੀ ਜਾਤ-ਪਾਤ ਦੀ ਕੋਈ ਵਿਚਾਰ ਨਹੀਂ।



www.AKJ.Org

# ਆਉਣ ਵਾਲੇ ਕੀਰਤਨ ਸਮਾਗਮ

ਮਾਸਿਕ ਰੈਣਿ ਸਬਾਈ ਕੀਰਤਨ ਗੁ: ਕਲਗੀਧਰ ਰੇਲਵੇ ਰੋਡ ਦੋਰਾਹਾ ਮੰਡੀ ਵਿਖੇ ੯ ਜੂਨ ਰਾਤ ਨੂੰ

ਮੇਰਠ ਵਿਖੇ ਰੈਣਿ ਸਬਾਈ ਕੀਰਤਨ

ਬੇਬੇ ਨਾਨਕੀ ਹਾਲ ਗੁਰਦੁਆਰਾ ਸੰਤਸੰਗ ਕੰਕਰਖੇੜਾ ਮੇਰਠ ਵਿਖੇ ੯ ਜੂਨ ਰਾਤ ਨੂੰ ਕੀਰਤਨ ਅਖਾੜੇ ਸਜਣਗੇ। ਪੁੱਛਗਿੱਛ : ਭਾਈ ਸਵਿੰਦਰ ਸਿੰਘ ਟੈਲੀਫੋਨ : 555554 ਅਤੇ 555444

ਫਗਵਾੜਾ ਵਿਖੇ ਛੇਵੇਂ ਪਾਤਸ਼ਾਹ ਦੇ ਪ੍ਰਕਾਸ਼ ਪੁਰਬ ਤੇ ਸਾਲਾਨਾ ਰੈਣਿ ਸਬਾਈ ਕੀਰਤਨ ਗੁ: ਸੁਖਚੈਨਆਣਾ ਸਾਹਿਬ ਨੇੜੇ ਚੁੰਗੀ ਬੰਗਾ ਰੋਡ ਫਗਵਾੜਾ ਵਿਖੇ 16 ਜੂਨ ਰਾਤ ਨੂੰ ਰੈਣਿ ਸਬਾਈ ਕੀਰਤਨ ਅਖਾੜੇ ਸਜਣਗੇ। ਆਇ ਦੀਦਾਰ ਬਖਸ਼ੋ ਜੀ

ਗੁਰੂ ਸਵਾਰੇ ਡਾ: ਪ੍ਰੀਤਮ ਸਿੰਘ ਜੀ ਦੀ ਯਾਦ ਵਿਚ ਸਾਲਾਨਾ ਸਮਾਗਮ ਜਲੰਧਰ ਵਿਖੇ ਪਿਆਰੇ ਵੀਰ ਦੀਆਂ ਮਿੱਠੀਆਂ ਯਾਦਾਂ ਤਾਜ਼ਾ ਕਰਨ ਲਈ ਗੁਰਸਿਖ ਸਤਸੰਗੀਆ ਦਾ ਸਤਸੰਗ ਮੇਲਾ 17 ਜੂਨ ਸਵੇਰ ਤੋਂ ਦੁਪਹਿਰ ਤੱਕ ਅਖੰਡ ਕੀਰਤਨ ਭਾਈ ਮਨਮੋਹਨ ਸਿੰਘ ਜੀ ਦੇ ਗ੍ਰਹਿ 'ਜੁਝਾਰ ਬੁੰਗਾ' 830- ਅਰਬਨ ਅਸਟੇਟ ਫੇਜ਼ ੨ ਨੇੜੇ ਦੁਲਹਨ ਪੈਲੇਸ ਜਲੰਧਰ (ਫੋਨ : 461468) ਵਿਖੇ ਸਜਣਗੇ। ਆਓ ਗੁਰਸਿਖ ਮੀਤਾਂ ਸੰਗ ਹਰਿ ਨਾਮੈ ਕੇ ਜੋੜੀ ਹੋਈਏ।

ਪਿੰਡ ਕੋਟਲੀ ਬਾਵਾ ਦਾਸ (ਨੇੜੇ ਬੁਲੋਵਾਲ) ਹੁਸ਼ਿਆਰਪੁਰ ਵਿਖੇ ਰੈਣਿ ਸਬਾਈ ਕੀਰਤਨ ਛੇਵੇਂ ਪਾਤਸ਼ਾਹ ਦੇ ਆਗਮਨ ਪੁਰਬ ਸੰਬਧੀ ਗੁ: ਸਿੰਘ ਸਭਾ ਵਿਖੇ 16 ਜੂਨ ਰਾਤ ਨੂੰ ਕੀਰਤਨ ਅਖਾੜੇ ਸਜਣਗੇ। ਪੁੱਛਗਿੱਛ 01886-265791- 265281

**ਗਰਮੀਆਂ ਦੀਆਂ ਛੁੱਟੀਆਂ ਦਾ ਤੀਸਰਾ ਸਾਲਾਨਾ ਕੇਂਦਰੀ ਅਖੰਡ ਕੀਰਤਨ ਸਮਾਗਮ ਗੁ: ਸ੍ਰੀ ਪਾਉਂਟਾ ਸਾਹਿਬ ਵਿਖੇ ੨੨ ਤੋਂ ੨੫ ਜੂਨ ਤੱਕ ਵੇਰਵੇ ਸਹਿਤ ਪ੍ਰੋਗ੍ਰਾਮ ਟਾਈਟਲ ਦੇ ਬਾਹਰਲੇ ਪੰਨੇ ਤੇ ਦੇਖੋ ਜੀ।**

ਬਿਬੇਕਸਰ ਸਾਹਿਬ ਅੰਮ੍ਰਿਤਸਰ ਵਿਖੇ ਮਾਸਿਕ ਰੈਣਿ ਸਬਾਈ ਕੀਰਤਨ 30 ਜੂਨ ਰਾਤ ਨੂੰ

ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦੇ ਜਨਮ ਦਿਵਸ ਤੇ ਕੇਂਦਰੀ ਸਾਲਾਨਾ ਅਖੰਡ ਕੀਰਤਨ ਸਮਾਗਮ *ਗੁ: ਸ੍ਰੀ ਗੁਰੂ ਸਿੰਘ ਸਭਾ ਮਾਡਲ ਟਾਊਨ ਲੁਧਿਆਣਾ ਵਿਖੇ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦੇ ੧੨੩ਵੇਂ ਜਨਮ ਦਿਵਸ ਤੇ 4 ਜੁਲਾਈ ਬੁਧਵਾਰ ਸਵੇਰੇ 4 ਤੋਂ 6 ਤੱਕ ਸ੍ਰੀ ਆਸਾ ਕੀ ਵਾਰ ਦੇ ਕੀਰਤਨ ਉਪਰੰਤ ਸ੍ਰੀ ਅਖੰਡ ਪਾਠ ਸਾਹਿਬ ਆਰੰਭ ਹੋਣਗੇ। 6 ਜੁਲਾਈ ਸ਼ੁਕਰਵਾਰ ਸਵੇਰੇ 4 ਵਜੇ ਭੋਗ ਸ੍ਰੀ ਅਖੰਡ ਪਾਠ ਸਾਹਿਬ ਉਪਰੰਤ 8.30 ਤੱਕ ਅਤੇ ਸ਼ਾਮ ਨੂੰ 7 ਵਜੇ ਤੋਂ ੯ ਵਜੇ ਤੱਕ ਕੀਰਤਨ ਸਮਾਗਮ ਹੋਣਗੇ। 7 ਜੁਲਾਈ ਸ਼ਨਿਚਰਵਾਰ ਸਵੇਰੇ ਨਿਤਨੇਮ ਉਪਰੰਤ ਦੁਪਹਿਰ ਤੱਕ ਕੀਰਤਨ ਸਮਾਗਮ ਚਲਣਗੇ। ਸ਼ਾਮ ਨੂੰ ਸੋਦਰ ਉਪਰੰਤ ਰੈਣਿ ਸਬਾਈ ਕੀਰਤਨ ਆਰੰਭ ਹੋਣਗੇ। ਸ਼ਾਮ ਨੂੰ ਹੀ 8 ਵਜੇ ਗੁ: ਸਾਹਿਬ ਦੇ ਉਪਰਲੇ ਹਾਲ ਵਿਚ ਅੰਮ੍ਰਿਤ ਸੰਚਾਰ ਸਮਾਗਮ ਹੋਣਗੇ ਬਾਹਰੋਂ ਆਉਣ ਵਾਲੀਅ ਸੰਗਤਾਂ ਦੀ ਰਿਹਾਇਸ਼ ਤੇ ਲੰਗਰ ਦਾ ਪ੍ਰਬੰਧ ਗੁ: ਸਾਹਿਬ ਵਿਖੇ ਹੀ ਹੋਵੇਗਾ। ਆਇ ਦੀਦਾਰ ਬਖਸ਼ੋ ਜੀ* ਦਾਸਰੇ ਅਖੰਡ ਕੀਰਤਨੀ ਜੱਥਾ ਲੁਧਿਆਣਾ।

ਧਾਲੀਵਾਲ ਬੇਟ ਵਿਖੇ ਸਾਲਾਨਾ ਅਖੰਡ ਕੀਰਤਨ ਸਮਾਗਮ ਕੰਠ ਗੁਰਬਾਣੀ ਅਤੇ ਦਸਤਾਰ ਸਜਾਉਣ ਦੇ ਮੁਕਾਬਲੇ 1੨ ਤੋਂ 15 ਜੁਲਾਈ। ਵੇਰਵਾ ਆਉਂਦੇ ਪਰਚੇ ਵਿਚ ਦੇਖੋ ਜੀ।

ਟੋਰਾਂਟੋ (ਕੈਨੇਡਾ) ਵਿਖੇ ਅਖੰਡ ਕੀਰਤਨ ਸਮਾਗਮ

੨੯ ਜੂਨ ੨001 ਸ਼ੁਕਰਵਾਰ ਸਵੇਰੇ 3 ਤੋਂ 5 ਵਜੇ ਅਖੰਡ ਕੀਰਤਨ ਗੁ: ਸਾਹਿਬ (ਮਿਸੀਸਾਗਾ) ੨377 Dunwin Drive, Mississauga (905) 828-1665

1 ਜੁਲਾਈ ੨001 ਐਤਵਾਰ ਸਵੇਰੇ 5 ਵਜੇ ਭੋਗ ਸ੍ਰੀ ਅਖੰਡ ਪਾਠ ਸਾਹਿਬ ਉਪ੍ਰੰਤ ਕੀਰਤਨ 10.30 ਤੱਕ ਗੁ: ਸਾਹਿਬ (ਮਿਸੀਸਾਗਾ)

1 ਜੁਲਾਈ ੨001 ਐਤਵਾਰ ਸ਼ਾਮ 5.30 ਤੋਂ 8.30 ਤੱਕ ਅਖੰਡ ਕੀਰਤਨ ਗੁ: ਸਾਹਿਬ (ਗਲੀਡਨ ਰੋਡ) ੯੯ Glidden Road, Brampton (905) 457-5757 (ਬਾਕੀ ਦੇ ਸਮਾਗਮ ਪੰਨਾ 33 ਦੇ ਥਲੇ)



www.AKJ.Org

# ਜੋ ਆਇਆ ਸੋ ਚਲਸੀ ਸਭ ਕੋ ਆਈ ਵਾਰੀਐ

## ਗੁਰੂ ਸਵਾਰੇ ਭਾਈ ਜੀਵਨ ਸਿੰਘ ਜੀ



ਭਾਈ ਜੀਵਨ ਸਿੰਘ ਜੀ ਨੇ 1917 ਵਿਚ ਭਾਈ ਸਰਦਾਰਾ ਸਿੰਘ ਦੇ ਘਰ ਮਾਤਾ ਆਗਿਆ ਕੌਰ ਦੀ ਕੁਖੋਂ ਪਿੰਡ ਭਿੱਖੀ ਮੰਡੀ ਬਹਾਵਲਦੀਨ ਪਾਕਿਸਤਾਨ ਵਿਖੇ ਜਨਮ ਲਿਆ ਆਪ ਜੀ ਦੀ ਮਾਤਾ ਆਗਿਆ ਕੌਰ ਭਾਈ ਸਾਹਿਬ ਰਣਧੀਰ ਸਿੰਘ ਜੀ ਦੀ ਸੰਗਤ ਵਿੱਚ ਵਿਚਰਦੇ ਹੋਏ ਕੀਰਤਨ ਸਮਾਗਮਾਂ ਸਮੇਂ ਲੰਗਰ ਦੇ ਪ੍ਰਮੁਖ ਸੇਵਾਦਾਰਾਂ ਵਿਚੋਂ ਸਨ। ਮਾਤਾ ਦੇ ਪ੍ਰਭਾਵ ਸਦਕਾ ਆਪ ਜੀ ਤੇ ਵੀ ਸੰਗਤ ਦਾ ਅਸਰ ਤੇ ਸਤੋਗੁਣੀ ਪ੍ਰਭਾਵ ਪ੍ਰਤੱਖ ਸੀ। ਬੇਅੰਤ ਗੁਰਬਾਣੀ ਆਪ ਜੀ ਦੇ ਰਿਦੈ ਕੰਠ ਸੀ। ਇਸੇ ਸਦਕਾ ਆਪ ਅਖੰਡ ਪਾਠੀ ਸਿੰਘਾਂ ਦੀ ਜ਼ਬਾਨੀ ਹੀ ਸੁਧਾਈ ਕਰਵਾਈ ਜਾਂਦੇ ਸਨ। ਆਪ ਜੀ ਨੇ ਲਗਭਗ 35 ਸਾਲ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਿਚ ਸੇਵਾਦਾਰ ਵਜੋਂ ਨੌਕਰੀ ਕੀਤੀ । ਦੁਨਿਆਵੀ ਪੜ੍ਹਾਈ ਆਪ ਭਾਵੇਂ ਬਹੁਤ ਘੱਟ ਪੜ੍ਹੇ ਸਨ ਅਤੇ ਮਾਇਕ ਹਾਲਤ ਵੀ ਬਹੁਤੀ ਵਧੀਆ ਨਹੀਂ ਸੀ ਪਰ ਫਿਰ ਵੀ ਆਪ ਜੀ ਨੇ ਆਪਣੀਆਂ ਪਰਿਵਾਰਕ ਜ਼ਿੰਮੇਵਾਰੀਆਂ ਨੂੰ ਬੜੀ ਤਨਦੇਹੀ ਨਾਲ ਪੂਰਿਆਂ ਕੀਤਾ ਤੇ ਆਪਣੇ ਸਾਰੇ ਬੱਚਿਆਂ ਨੂੰ ਉਚ ਸਿੱਖਿਆ ਹਾਸਲ ਕਰਵਾਈ। ਆਖਰੀ ਦਮ ਤੱਕ ਸੰਜਮੀ ਜੀਵਨ ਜੀਉਂਦੇ ਹੋਏ ਆਪ ਕੁਝ ਸਮਾਂ ਬਿਮਾਰ ਰਹਿਣ ਉਪ੍ਰੰਤ 18-3-2001 ਨੂੰ ਅਕਾਲ ਚਲਾਣਾ ਕਰ ਗਏ । ਜਾਂਦੇ ਜਾਂਦੇ ਵੀ ਆਪ ਆਪਣਾ ਪਰਉਪਕਾਰੀ ਸੁਭਾਅ ਪ੍ਰਗਟ ਕਰਦੇ ਹੋਏ ਆਪਣੀਆਂ ਅੱਖਾਂ ਦਾਨ ਕਰ ਗਏ।

## ਭਾਈ ਬਲਬੀਰ ਸਿੰਘ ਜੀ ਨਾਰੰਗਵਾਲ



ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦੇ ਇਕੋ ਇਕ ਸਪੁੱਤਰ ਭਾਈ ਬਲਬੀਰ ਸਿੰਘ ਜੀ 89 ਵਰ੍ਹਿਆਂ ਦੀ ਆਯੂ ਬਤੀਤ ਕਰ 1 ਮਈ 2001 ਨੂੰ ਅਕਾਲ ਚਲਾਣਾ ਕਰ ਗਏ। ਆਪ ਜੀ ਕੇਵਲ ਚਾਰ ਵਰ੍ਹਿਆਂ ਦੇ ਸਨ ਜਦੋਂ ਆਪ ਦੇ ਪਿਤਾ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਜੰਗੇ ਆਜ਼ਾਦੀ ਵਿਚ ਹਿੱਸਾ ਲੈਣ ਕਾਰਨ ਜੇਲ ਯਾਤਰਾ ਤੇ ਚਲੇ ਗਏ।

ਆਪ ਜੀ ਦੀ ਦਾਦੀ ਮਾਤਾ ਪੰਜਾਬ ਕੌਰ ਤੇ ਮਾਤਾ ਕਰਤਾਰ ਕੌਰ ਨੇ ਆਪ ਜੀ ਨੂੰ ਕਿਸੇ ਪਾਸਿਓਂ ਕੋਈ ਘਾਟ ਮਹਿਸੂਸ ਨਹੀਂ ਹੋਣ ਦਿੱਤੀ ਤੇ ਆਪ ਮੁੱਢਲੀ ਵਿਦਿਆ ਤੋਂ ਬਾਅਦ ਉਚੇਰੀ ਵਿਦਿਆ ਪ੍ਰਾਪਤ ਕਰਕੇ ਪਹਿਲਾ ਓਵਰਸੀਅਰ ਤੇ ਅਤੇ ਫਿਰ ਜ਼ਿਲਾ ਇੰਜੀਨੀਅਰ ਦੇ ਪਦ ਤੇ ਨੌਕਰੀ ਕਰਦੇ ਰਹੇ। ਭਾਈ ਸਾਹਿਬ ਦੇ ਅਕਾਲ ਚਲਾਣੇ ਤੋਂ ਬਾਅਦ ਭਾਈ ਸਾਹਿਬ ਦੀਆਂ ਕਿਤਾਬਾਂ ਦਾ ਅਜੋਕਾ ਰੂਪ ਅਸਾਡੇ ਸਾਹਮਣੇ ਹੈ ਇਸ ਵਿਚ ਹੋਰ ਕਈ ਗੁਰਮੁਖ ਸਖਸ਼ੀਅਤਾਂ ਦੇ ਨਾਲ-ਨਾਲ ਭਾਈ ਬਲਬੀਰ ਸਿੰਘ ਜੀ ਦੀ ਮਿਹਨਤ-ਦੁਰਦ੍ਰਿਸ਼ਟੀ ਪ੍ਰਮੁੱਖ ਹੈ। ਉੱਚ ਅਹੁਦਿਆਂ ਤੇ ਕੰਮ ਕਰਨ ਦੇ ਬਾਵਜੂਦ ਆਪ ਜੀ ਨੇ ਆਪਣਾ ਸਾਰਾ ਜੀਵਨ ਬੇਅੰਤ ਸਾਦਗੀ ਸਹਿਤ ਬਿਤਾਇਆ। ਅਖੰਡ ਕੀਰਤਨੀ ਜੱਥੇ ਦੇ ਕੁਝ ਸਵਾਰਥੀ ਅਤੇ ਖੁਦਗਰਜ਼ ਸੱਜਣਾਂ ਨੇ ਆਪ ਜੀ ਦੇ ਜੀਵਨ ਦੇ ਅੰਤਲੇ ਸਾਲਾਂ ਵਿਚ ਆਪ ਨੂੰ ਆਪਣੇ ਸਵਾਰਥਾਂ ਦੀ ਖਾਤਰ ਪੂਰੀ ਤਰਾਂ ਵਰਤਿਆ ਤੇ ਆਪ ਜੀ ਦਾ ਨਾਂ ਲੈ ਕੇ ਸੰਗਤਾਂ ਨੂੰ ਗੁਮਰਾਹ ਕੀਤਾ ਜਿਸ ਨਾਲ ਜੱਥੇ ਵਿਚ ਖਾਨਾਜੰਗੀ ਦਾ ਮਾਹੌਲ ਪੈਦਾ ਹੋਇਆ। ਪਰ ਫਿਰ ਵੀ ਆਪ ਜੀ ਦਾ ਨਿੱਜੀ ਜੀਵਨ, ਕੰਮ ਕਰਨ ਦੀ ਲਗਨ ਤੇ ਸਾਦਗੀ ਪ੍ਰੇਰਨਾ ਸਰੋਤ ਹੈ।

## ਮਾਤਾ ਸੰਤ ਕੌਰ ਜੀ



ਸੰਨ 1934 ਵਿਚ ਜਨਮੇ ਮਾਤਾ ਸੰਤ ਕੌਰ ਜੀ ਨੇ 1968 ਵਿਚ ਪੰਜ ਪਿਆਰਿਆਂ ਪਾਸੋਂ ਖੰਡੇ ਦੀ ਪਾਹੁਲ ਛਕ ਕੇ ਆਪਣਾ ਗੁਰੂ ਵਾਲਾ ਜੀਵਨ ਸ਼ੁਰੂ ਕੀਤਾ ਤੇ ਭਾਈ ਆਤਮਾ ਸਿੰਘ ਪੰਜੋਖਰਾ ਸਾਹਿਬ ਵਾਲੇ ਤੇ ਬਾਊ ਮੱਲ ਸਿੰਘ ਜੀ ਅਤੇ ਹੋਰ ਉਹਨਾ ਵਰਗੇ ਗੁਰਸਿੱਖਾਂ ਦੀ ਸੰਗਤ ਸਦਕਾ ਆਖਰੀ ਸਵਾਸਾਂ ਤੱਕ ਆਤਮਿਕ ਰੰਗਾਂ ਵਿਚ ਚੜ੍ਹਦੀਆਂ ਕਲਾਂ ਵਾਲਾ ਗੁਰਸਿੱਖੀ ਜੀਵਨ ਬਤੀਤ ਕਰ ਗਏ। ਆਪ ਜੀ ਨੇ ਆਪਣੇ ਗ੍ਰਹਿਸਥ ਦੌਰਾਨ ਆਏ ਅਨਿਕ ਪ੍ਰਕਾਰੀ ਕਸ਼ਟਾਂ ਨੂੰ ਦ੍ਰਿੜ੍ਹਤਾ ਨਾਲ ਪਾਰ ਕੀਤਾ ਤੇ ਗੁਰੂ ਮਹਾਰਾਜ ਦਾ ਭਾਣਾ ਸ਼ੁਕਰ ਕਰ ਕੇ ਮੰਨਿਆ। 29 ਅਪ੍ਰੈਲ 2001 ਸ਼ਾਮ ਨੂੰ ਆਪ ਜੀ ਆਪਣੀ ਆਯੂ ਪੂਰੀ ਕਰਦੇ ਗੁਰੂ ਚਰਨਾਂ ਵਿਚ ਜਾ ਬਿਰਾਜੇ।

www.AKJ.Org

R.N.I. No. 12245/66 SURA-JUNE 2001 P.O. Regd. No. PB/0169/2001

# ਸ੍ਰੀ ਪਾਉਂਟਾ ਸਾਹਿਬ ਵਿਖੇ

## ਗਰਮੀਆਂ ਦੀਆਂ ਛੁੱਟੀਆਂ ਦਾ ਸਾਲਾਨਾ ਕੇਂਦਰੀ ਅਖੰਡ ਕੀਰਤਨ ਸਮਾਗਮ



(ਸ੍ਰ. ਕੁਲਵੰਤ ਸਿੰਘ)

### ਸੰਦੇਸ਼

ਆਉ ਜੀ ਤੂ ਆਉ ਹਮਾਰੈ, ਹਰਿ ਜਸੁ ਸ੍ਵਨ ਸੁਨਾਵਨਾ

ਦਸਮ ਪਾਤਸ਼ਾਹ ਦੇ ਜੀਵਨ ਕਾਲ ਵਿਚ ਮਹੱਤਵਪੂਰਨ ਅਸਥਾਨ ਰੱਖਦੀ ਧਰਤੀ ਪਾਉਂਟਾ ਸਾਹਿਬ ਵਿਖੇ ਅਖੰਡ ਕੀਰਤਨੀ ਜੱਥਾ ਲੁਧਿਆਣਾ ਦੇ ਉਦਮ ਨਾਲ ਸਮੂਹ ਅਖੰਡ ਕੀਰਤਨੀ ਜੱਥਿਆਂ ਵੱਲੋਂ ਲਗਾਤਾਰ ਤੀਜੇ ਸਾਲ ਜੋ ਇਹ 22 ਤੋਂ 25 ਜੂਨ ਤੱਕ ਸਾਲਾਨਾ ਸਮਾਗਮ ਉਲੀਕੇ ਗਏ ਹਨ ਉਸ ਵਿਚ ਸ਼ਾਮਲ ਹੋ ਰਹੀਆਂ ਸਮੂਹ ਸੰਗਤਾਂ ਦਾ ਪ੍ਰਬੰਧ ਕਮੇਟੀ ਸ੍ਰੀ ਪਾਉਂਟਾ ਸਾਹਿਬ ਵੱਲੋਂ ਹਾਰਦਿਕ ਸਵਾਗਤ ਹੈ। ਗੁਰੂ ਘਰ ਦਾ ਸੇਵਾਦਾਰ ਹੋਣ ਦੇ ਨਾਤੇ ਦਾਸ ਸਮੂਹ ਸੰਗਤਾਂ ਨੂੰ ਵੱਧ ਚੜ੍ਹ ਕੇ ਹਾਜ਼ਰੀਆਂ ਭਰਨ ਅਤੇ ਨਾਮ ਬਾਣੀ ਦੀਆਂ ਛਹਿਬਰਾਂ ਲਾਉਣ ਦੀ ਬੇਨਤੀ ਕਰਦਾ ਹੈ।

*ਦਾਸਰਾ : ਕੁਲਵੰਤ ਸਿੰਘ ਚੌਧਰੀ (ਮੈਨੇਜਰ)*

### ਵੇਰਵਾ

21 ਤੋਂ 23 ਜੂਨ ਸ੍ਰੀ ਅਖੰਡ ਪਾਠ ਸਾਹਿਬ *ਭਾਈ ਪਰਮਜੀਤ ਸਿੰਘ ਗੁਰੂ ਰਾਖਾ ਦੇ ਗ੍ਰਿਹਿ ਵਿਖੇ*,

22 ਜੂਨ ਸ਼ਾਮ 5 ਤੋਂ 8 ਸੋਦਰ ਚੌਂਕੀ ਤੇ ਕੀਰਤਨ ਸ੍ਰੀ ਦਰਬਾਰ ਸਾਹਿਬ ਪਾਉਂਟਾ ਸਾਹਿਬ ਵਿਖੇ,

23 ਜੂਨ ਅੰਮ੍ਰਿਤ ਵੇਲੇ ਭੋਗ ਸ੍ਰੀ ਅਖੰਡ ਪਾਠ ਸਾਹਿਬ ਭਾਈ ਪਰਮਜੀਤ ਸਿੰਘ ਦੇ ਗ੍ਰਿਹਿ ਵਿਖੇ,

ਸਵੇਰੇ 5 ਤੋਂ 7.30 ਸ੍ਰੀ ਆਸਾ ਕੀ ਵਾਰ ਦੀ ਚੌਂਕੀ *ਸ੍ਰੀ ਦਰਬਾਰ ਸਾਹਿਬ ਪਾਉਂਟਾ ਸਾਹਿਬ* ਵਿਖੇ,

8 ਤੋਂ ਦੁਪਹਿਰ 1 ਵਜੇ ਤੱਕ ਕੀਰਤਨ *ਸ੍ਰੀ ਭੰਗਾਣੀ ਸਾਹਿਬ* ਵਿਖੇ।

ਸ਼ਾਮ 5.30 ਤੋਂ 8 ਅਖੰਡ ਕੀਰਤਨ ਗੁ: *ਸ੍ਰੀ ਤੀਰ ਗੜ੍ਹੀ ਸਾਹਿਬ* ਵਿਖੇ।

24 ਜੂਨ ਸਵੇਰੇ 5 ਤੋਂ 8 ਵਜੇ ਸ੍ਰੀ ਆਸਾ ਦੀ ਵਾਰ ਅਤੇ 9 ਤੋਂ ਦੁਪਹਿਰ 2 ਵਜੇ ਤੱਕ ਹਜ਼ੂਰੀ ਕੀਰਤਨ *ਸ੍ਰੀ ਦਰਬਾਰ ਸਾਹਿਬ ਪਾਉਂਟਾ ਸਾਹਿਬ ਵਿਖੇ*।ਸ਼ਾਮ 5 ਤੋਂ 8 ਸੋਦਰ ਚੌਂਕੀ ਤੇ ਕੀਰਤਨ ਸ੍ਰੀ ਦਰਬਾਰ ਸਾਹਿਬ ਪਾਉਂਟਾ ਸਾਹਿਬ ਵਿਕੇ ਉਪ੍ਰੰਤ ਰੈਣਿ ਸਬਾਈ ਕੀਰਤਨ ਪੰਡਾਲ ਵਿਖੇ।

25 ਜੂਨ ਸੋਮਵਾਰ ਸਵੇਰੇ 3.30 ਵਜੇ ਭੋਗ ਰੈਣਿ ਸਬਾਈ ਕੀਰਤਨ।

**ਬੇਨਤੀਆਂ** : (1) 23 ਜੂਨ ਭੰਗਾਣੀ ਸਾਹਿਬ ਅਤੇ ਤੀਰ ਗੜ੍ਹੀ ਦੇ ਸਮਾਗਮ ਲਈ ਸ੍ਰੀ ਦਰਬਾਰ ਸਾਹਿਬ ਵਿਖੇ ਸਵੇਰੇ 8,9, 10 ਅਤੇ ਸ਼ਾਮ ਨੂੰ 3 ਅਤੇ 4 ਵਜੇ ਗੱਡੀਆਂ ਦਾ ਇੰਤਜ਼ਾਮ ਹੋਵੇਗਾ। (2) ਲੁਧਿਆਣਾ ਤੋਂ ਪਾਉਂਟਾ ਸਾਹਿਬ ਵਾਸਤੇ 22 ਜੂਨ ਸਵੇਰੇ ਬੱਸਾਂ ਚੱਲਣਗੀਆਂ। ਲੁਧਿਆਣਾ ਦੇ ਨੇੜੇ ਤੇੜੇ ਦੀਆਂ ਅਤੇ ਜੋ ਹੋਰ ਸੰਗਤਾਂ ਲੁਧਿਆਣਾ ਤੋਂ ਜਾਣਾ ਚਾਹੁਣ ਬੱਸਾਂ ਦੇ ਇੰਤਜ਼ਾਮ, ਸੀਟਾਂ ਅਤੇ ਕਿਰਾਏ ਬਾਰੇ ਜਾਣਕਾਰੀ ਲਈ ਸੂਰਾ ਦਫ਼ਤਰ ਨਾਲ ਸੰਪਰਕ ਕਰੋ ਜੀ। (3) ਸਮਾਗਮਾਂ ਵਿੱਚ ਸ਼ਾਮਲ ਹੋਣ ਵਾਲੀਆਂ ਸੰਗਤਾਂ ਕੇਵਲ ਨਾਮ ਬਾਣੀ ਦੇ ਲਾਹੇ ਨੂੰ ਹੀ ਮੁੱਖ ਰੱਖੋ ਜੀ ਤਾਂ ਕਿ ਪੁਰਾਤਨ ਸਮਾਗਮਾਂ ਵਰਗੇ ਚੜ੍ਹਦੀਆਂ ਕਲਾਂ ਵਿੱਚ ਅਨੰਦ ਮਾਣ ਕੇ ਆਪਣਾ ਸਮਾਂ ਸਫ਼ਲ ਕੀਤਾ ਜਾ ਸਕੇ।

**ਪੁੱਛਗਿਛ**: ਪਾਉਂਟਾ ਸਾਹਿਬ ਭਾਈ ਪਰਮਜੀਤ ਸਿੰਘ ਟੈਲੀਫੋਨ: 017004-22367, ਘਰ 24067

**ਲੁਧਿਆਣਾ**: ਸੂਰਾ ਮਾਸਿਕ ਪੱਤਰ 0161-428194 2: ਭਾਈ ਹਰਬੰਸ ਸਿੰਘ 0161-430865

**ਦਾਸਰੇ:**

ਅਖੰਡ ਕੀਰਤਨੀ ਜੱਥਾ ਲੁਧਿਆਣਾ

ਪ੍ਰਬੰਧਕ ਕਮੇਟੀ ਸ੍ਰੀ ਦਰਬਾਰ ਸਾਹਿਬ ਪਾਉਂਟਾ

SURA (Monthly) Kothi No. 12, Block-1. BHAI RANDHIR SINGH NAGAR, LUDHIANA-141 004

www.AKJ.Org